# ਵਰਲਡ ਪੰਜਾਬੀ ਟਾਈਮਜ਼
# WORLD PUNJABI TIMES

WORLD PUNJABI TIMES
REACHING THE WORLD

A Punjabi News Protal & Epaper From Winnipeg, Canada
Visit us at : www.worldpunjabitimes.com
Mob: 7973333573, +1 (418) 887-0162

Epaper World Punjabi Times | 24 ਸਤੰਬਰ 2025 ਦਿਨ ਬੁੱਧਵਾਰ | ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਗੁਰੂ ਨਾਨਕ ਇੰਸਟੀਚਿਊਟ ਆਫ ਗਲੋਬਲ ਸਟੱਡੀਜ਼ ਵੱਲੋਂ ਦੋ ਦਿਨਾਂ ਅੰਤਰਰਾਸ਼ਟਰੀ ਸਿੱਖ ਖੋਜ ਕਾਨਫਰੰਸ

### ਨਾਮਵਰ ਵਿਦਵਾਨਾਂ ਅਤੇ ਮਾਹਿਰਾਂ ਨੇ ਖੋਜ ਭਰਪੂਰ ਪਰਚਿਆਂ ਰਾਹੀਂ ਕਈ ਗੰਭੀਰ ਮੁੱਦੇ ਉਜਾਗਰ ਕੀਤੇ

ਵਰਲਡ ਪੰਜਾਬੀ ਟਾਈਮਜ਼
ਹਰਦਮ ਮਾਨ




ਸਰੀ, 24 ਸਤੰਬਰ : 'ਗੁਰੂ ਨਾਨਕ ਇੰਸਟੀਟਿਊਟ ਆਫ ਗਲੋਬਲ ਸਟੱਡੀਜ਼' ਵੱਲੋਂ ਆਪਣੀ ਚੌਥੀ ਸਾਲਾਨਾ 'ਅੰਤਰਰਾਸ਼ਟਰੀ ਸਿੱਖ ਖੋਜ ਕਾਨਫਰੰਸ-2025' ਸਰੀ ਸਿਟੀ ਹਾਲ ਵਿਖੇ ਕਰਵਾਈ ਗਈ। ਇਸ ਦੋ ਦਿਨਾਂ ਕਾਨਫਰੰਸ ਵਿੱਚ ਕੈਨੇਡਾ ਅਤੇ ਅਮਰੀਕਾ ਤੋਂ ਪਹੁੰਚੇ ਵੱਖ ਵੱਖ ਯੂਨੀਵਰਸਿਟੀਆਂ ਦੇ ਨਾਮਵਰ ਵਿਦਵਾਨਾਂ ਅਤੇ ਵੱਖ ਵੱਖ ਖੇਤਰਾਂ ਦੇ ਮਾਹਿਰਾਂ ਨੇ ਆਪਣੇ ਖੋਜ ਭਰਪੂਰ ਪਰਚੇ ਅਤੇ ਵਿਚਾਰ ਪੇਸ਼ ਕੀਤੇ।

ਕਾਨਫਰੰਸ ਦੀ ਸ਼ੁਰੂਆਤ ਕੇਵਿਨ ਕੈਲੀ ਵੱਲੋਂ ਆਦਿਵਾਸੀ ਲੋਕਾਂ ਦੀ ਬੰਦਨਾਂ ਅਤੇ ਐਸ.ਐਫ.ਯੂ. ਦੇ ਵਿਦਿਆਰਥੀ ਗੁਰਮਤ ਸਿੰਘ ਧਾਲੀਵਾਲ ਵੱਲੋਂ ਕੀਤੀ ਅਰਦਾਸ ਨਾਲ ਹੋਈ। ਸਟੇਜ ਸੰਚਾਲਨ ਕਰ ਰਹੇ ਅਮਨ ਸਿੰਘ ਹੁੰਦਲ ਨੇ ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਵੱਲੋਂ ਇਸ ਕਾਨਫਰੰਸ ਲਈ ਭੇਜੀਆਂ ਸ਼ੁੱਭ ਕਾਮਨਾਵਾਂ ਪੜ੍ਹੀਆਂ। ਸਰੀ ਸਿਟੀ ਦੀ ਮੇਅਰ ਬਰੈਂਡਾ ਲੌਕ ਨੇ ਸੰਸਥਾ ਦੇ ਵੱਡਮੁੱਲੇ ਵਿਦਿਅਕ ਕਾਰਜ ਲਈ ਗਿਆਨ ਸਿੰਘ ਸੰਧੂ ਅਤੇ ਸਮੁੱਚੀ ਟੀਮ ਨੂੰ ਮੁਬਾਰਕਬਾਦ ਦਿੱਤੀ। ਬੀ.ਸੀ. ਦੀ ਉੱਚ ਸਿੱਖਿਆ ਮੰਤਰੀ ਜੈਸੀ ਸੁੰਨੜ ਨੇ ਆਪਣੇ ਵੱਲੋਂ ਸ਼ੁੱਭ ਇੱਛਾਵਾਂ ਦਿੱਤੀਆਂ ਅਤੇ ਬੀ.ਸੀ. ਦੇ ਪ੍ਰੀਮੀਅਰ ਡੇਵਿਡ ਇਬੀ ਵੱਲੋਂ ਭੇਜਿਆ ਵਧਾਈ ਸੰਦੇਸ਼ ਪੜ੍ਹ ਕੇ ਸੁਣਾਇਆ।

ਗੁਰੂ ਨਾਨਕ ਇੰਸਟੀਚਿਊਟ ਆਫ ਗਲੋਬਲ ਸਟੱਡੀਜ਼ (ਜੀ ਐਨ ਆਈ) ਦੇ ਅਕੈਡਮਿਕ ਕੋ-ਚੇਅਰ ਡਾ. ਸਤਪਾਲ ਸਿੰਘ ਨੇ ਕਾਨਫਰੰਸ ਵਿਚ ਸ਼ਾਮਲ ਸਭਨਾਂ ਸ਼ਖ਼ਸੀਅਤਾਂ ਦਾ ਸਵਾਗਤ ਕਰਦਿਆਂ ਕਿਹਾ ਕਿ ਇਸ ਕਾਨਫਰੰਸ ਵਿਚ ਭੂਤਕਾਲ ਦਾ ਸਨਮਾਨ ਕਰਨ ਅਤੇ ਭਵਿੱਖ ਨੂੰ ਤਾਕਤਵਰ ਬਣਾਉਣ ਸੰਬਧੀ ਨਾਮਵਰ ਵਿਦਵਾਨ, ਵਿਦਿਅਕ ਮਾਹਰ, ਸਕਾਲਰ ਅਤੇ ਬੁਲਾਰੇ ਆਪਣਾ ਦ੍ਰਿਸ਼ਟੀਕੋਣ ਪੇਸ਼ ਕਰਨਗੇ। ਉਨ੍ਹਾਂ ਕਿਹਾ ਕਿ ਇਸ ਕਾਨਫਰੰਸ ਦਾ ਉਦੇਸ਼ ਅਤੀਤ ਦੀ ਵਿਦਵਤਾ ਦਾ ਸਨਮਾਨ ਕਰਨਾ ਅਤੇ ਨਾਲ ਹੀ ਅਗਲੀ ਪੀੜ੍ਹੀ ਨੂੰ ਦੇਲਰੀ ਨਾਲ ਕਲਪਨਾ ਕਰਨ, ਨੈਤਿਕਤਾ ਨਾਲ ਅਗਵਾਈ ਕਰਨ ਅਤੇ ਦੁਨੀਆਂ ਭਰ ਵਿਚ ਤਰੱਕੀ ਲਈ ਯੋਗਦਾਨ ਪਾਉਣ ਲਈ ਪ੍ਰੇਰਿਤ ਕਰਨਾ ਹੈ।




ਗੁਰੂ ਨਾਨਕ ਇੰਸਟੀਚਿਊਟ ਆਫ ਗਲੋਬਲ ਸਟੱਡੀਜ਼ (ਜੀ ਐਨ ਆਈ) ਦੇ ਪ੍ਰਧਾਨ ਅਤੇ ਸੀ.ਈ.ਓ. ਗਿਆਨ ਸਿੰਘ ਸੰਧੂ ਨੇ ਕਿਹਾ ਕਿ ਗੁਰੂ ਨਾਨਕ ਇੰਸਟੀਚਿਊਟ ਆਫ਼ ਗਲੋਬਲ ਸਟੱਡੀਜ਼ (GNI) ਕੈਨੇਡਾ ਵਿੱਚ ਸਥਾਪਿਤ ਇੱਕ ਗ਼ੈਰ-ਮੁਨਾਫ਼ਾ ਸਿੱਖਿਆ ਅਤੇ ਖੋਜ ਸੰਸਥਾ ਹੈ। 230 ਅਕਾਦਮਿਕ ਅਤੇ ਪੇਸ਼ੇਵਰਾਂ ਦੀ ਇੱਕ ਸਮਰਪਿਤ ਅੰਤਰਰਾਸ਼ਟਰੀ ਟੀਮ ਦੇ ਨਾਲ ਜੀ.ਐਨ.ਆਈ. ਦਾ ਉਦੇਸ਼ ਅਕਾਦਮਿਕ ਦ੍ਰਿਸ਼ਟੀਕੋਣ ਤੋਂ ਸਿੱਖ ਲੋਕਾਚਾਰ ਦੀ ਸਮਝ ਦੀ ਖੋਜ ਅਤੇ ਵਿਸਥਾਰ ਕਰਨਾ, ਖੋਜ, ਸਿੱਖਿਆ ਅਤੇ ਸੇਵਾ ਰਾਹੀਂ ਸਿੱਖੀ ਅਤੇ ਸੱਭਿਆਚਾਰਕ ਵਿਭਿੰਨਤਾ ਦੀ ਸਹਿ-ਹੋਂਦ ਲਈ ਯਤਨ ਕਰਨਾ ਹੈ।

ਉਨ੍ਹਾਂ ਕਿਹਾ ਕਿ ਸਾਡਾ ਦ੍ਰਿਸ਼ਟੀਕੋਣ ਇੱਕ ਅਜਿਹੀ ਯੂਨੀਵਰਸਿਟੀ ਬਣਾਉਣਾ ਹੈ ਜੋ ਦੁਨੀਆ ਦੇ ਪ੍ਰਮੁੱਖ ਵਿਦਿਅਕ ਅਦਾਰਿਆਂ ਦੇ ਮੁਕਾਬਲੇ ਦੀ ਹੋਵੇ। ਅਸੀਂ ਮਨੁੱਖਤਾ, ਸਮਾਨਤਾ, ਨਿਆਂ, ਹਮਦਰਦੀ, ਖੁੱਲ੍ਹੀ ਗੱਲਬਾਤ, ਅਧਿਆਤਮਿਕ ਕ੍ਰਾਂਤੀ, ਜੀਵਨ ਭਰ ਦੀ ਸਿੱਖਿਆ ਅਤੇ ਮੁਕਤੀਦਾਇਕ ਸਿੱਖਿਆ ਦੇ ਮੁੱਲਾਂ ਪ੍ਰਤੀ ਵਚਨਬੱਧ ਹਾਂ। ਉਨ੍ਹਾਂ ਕਿਹਾ ਕਿ ਗੁਰੂ ਨਾਨਕ ਦੇ ਫਲਸਫ਼ੇ ਅਤੇ ਸਿੱਖੀ ਦੀ ਸਹਿ-ਹੋਂਦ ਨੂੰ ਪ੍ਰਫੁੱਲਤ ਕਰਨ ਵਾਲੀ ਇਹ ਵਿਸ਼ਵ ਦੀ ਪ੍ਰਮੁੱਖ ਯੂਨੀਵਰਸਿਟੀ ਹੋਵੇਗੀ।

ਮੋਂਟਕਲੇਅਰ ਸਟੇਟ ਯੂਨੀਵਰਸਿਟੀ ਦੀ ਡਾ. ਮੁਨਿੰਦਰ ਕੌਰ ਆਹਲੂਵਾਲੀਆ ਨੇ ਆਪਣੀ ਸੰਘਰਸ਼ੀਲ ਜੀਵਨ ਕਥਾ ਬਿਆਨ ਕਰਦਿਆਂ ਕਿਹਾ ਕਿ ਮੇਰਾ ਟੀਚਾ ਸਾਰਿਆਂ ਨੂੰ ਇਸ ਗੱਲ ਲਈ ਪ੍ਰੇਰਿਤ ਕਰਨਾ ਹੈ ਕਿ ਸਾਡੇ ਮੁੱਖ ਮੁੱਲ ਕੀ ਹਨ, ਸਾਡੇ ਮੁੱਖ ਲੋਕ ਕੌਣ ਹਨ ਅਤੇ ਅਸੀਂ ਜੀਵਨ ਨੂੰ ਕਿਵੇਂ ਦੇਖਦੇ ਹਾਂ। ਉਨ੍ਹਾਂ ਸਮਰੱਥਾ, ਇਕਜੁੱਟਤਾ, ਰਣਨੀਤੀ ਅਤੇ ਸਥਿਰਤਾ ਨਾਲ ਸਮਾਜਿਕ ਬਦਲਾਓ ਦੀ ਗੱਲ ਕੀਤੀ। ਯੂਨੀਵਰਸਿਟੀ ਆਫ ਕੈਲਗਰੀ ਦੇ ਡਾ. ਹਰਜੀਤ ਸਿੰਘ ਗਰੇਵਾਲ ਨੇ ਦਾਰਸ਼ਨਿਕ ਅਪਰਾਧ, ਵਿਅਕਤੀਗਤ ਅਤੇ ਆਧੁਨਿਕ ਸਿੱਖ ਉਭਾਰ 'ਤੇ ਚਰਚਾ ਕੀਤੀ। ਸਕਾਲਰ ਡਾ. ਰਣਬੀਰ ਕੌਰ ਬਨਵੈਤ ਨੇ ਸਿੱਖ ਪਛਾਣ ਵਿਚ ਨੈਤਿਕਤਾ ਸੰਬੰਧੀ ਵਿਚਾਰ ਪੇਸ਼ ਕੀਤੇ।

ਮੈਕਗਿਲ ਯੂਨੀਵਰਸਿਟੀ ਕੈਨੇਡਾ ਦੇ ਡਾ. ਜਸਵਿੰਦਰ ਸਿੰਘ ਨੇ ਜੀ.ਐਨ.ਆਈ. ਦੇ ਮਨੋਰਥ, ਸੋਸਾਇਟੀਆਂ ਦੇ ਬ੍ਰਾਹਮਣੀਕਰਨ, ਪ੍ਰਸ਼ਨ ਪੁੱਛਣ ਦੀ ਮਹੱਤਤਾ ਆਦਿ ਬਾਰੇ ਅਹਿਮ ਵਿਚਾਰ ਪੇਸ਼ ਕੀਤੇ। ਸਾਈਮਨ ਫਰੇਜ਼ਰ ਯੂਨੀਵਰਸਿਟੀ ਦੀ ਵਿਜ਼ਟਿੰਗ ਫੈਕਲਟੀ ਡਾ. ਰੋਜ਼ਲੀਨ ਧਾਲੀਵਾਲ ਨੇ ਨਾਰੀਵਾਦੀ ਸਕਾਲਰਸ਼ਿਪ ਅਤੇ ਸਿੱਖ ਧਰਮ ਨਾਲ ਬਰਾਬਰੀ ਤੇ ਸਮਾਵੇਸ਼ ਬਾਰੇ ਵਿਚਾਰ ਰੱਖੇ।

ਸਿੱਖ ਸੋਸਾਇਟੀ ਗੁਰਦੁਆਰਾ ਕੈਲਗਰੀ ਦੇ ਹੈੱਡ ਗਰੰਥੀ ਡਾ. ਦਲਜੀਤ ਸਿੰਘ ਨੇ ਗੁਰਦੁਆਰਿਆਂ ਵਿਚ ਗਰੰਥੀ ਦੀ ਭੂਮਿਕਾ, ਪ੍ਰਬੰਧਕ ਕਮੇਟੀਆਂ ਦੇ ਵਿਹਾਰ ਬਾਰੇ ਵਿਸਥਾਰ ਵਿਚ ਬਹੁਤ ਹੀ ਮਹੱਤਵਪੂਰਨ ਮੁੱਦੇ ਪੇਸ਼ ਕਰਦਿਆਂ ਕਿਹਾ ਕਿ ਗਰੰਥੀ ਗੁਰੂ ਜੀ ਦਾ ਵਜ਼ੀਰ ਹੈ ਪਰ ਸਾਡਾ ਦੁਖਾਂਤ ਇਹ ਹੈ ਕਿ ਗਰੰਥੀ ਨੂੰ ਬਣਦਾ ਸਤਿਕਾਰ ਨਹੀਂ ਦਿੱਤਾ ਜਾਂਦਾ। ਉਨ੍ਹਾਂ ਨੌਜਵਾਨਾਂ ਨੂੰ ਧਾਰਮਿਕ ਸੰਸਥਾਵਾਂ ਨਾਲ ਜੁੜ ਕੇ ਪ੍ਰਬੰਧਕ ਕਮੇਟੀਆਂ ਵਿਚ ਆਪਣੀ ਨੁਮਾਇੰਦਗੀ ਦਰਜ ਕਰਵਾਉਣ ਦਾ ਸੁਨੇਹਾ ਵੀ ਦਿੱਤਾ। ਯੌਰਕ ਯੂਨੀਵਰਸਿਟੀ ਦੇ ਸਾਬਕਾ ਪ੍ਰੋਫੈਸਰ ਡਾ. ਹਰਜਿੰਦਰ ਸਿੰਘ ਸੰਧੂ ਨੇ ਮਨਸੂਈ ਬੁੱਧੀ (ਆਰਟੀਫੀਸ਼ੀਅਲ ਇੰਟੈਲਜੈਂਸ) ਦੇ ਮਹੱਤਵ, ਫੈਲਾਅ, ਜ਼ਰੂਰਤ, ਇਸ ਦੀਆਂ ਪ੍ਰਾਪਤੀਆਂ, ਚੁਣੌਤੀਆਂ ਬਾਰੇ ਵਿਸਥਾਰ ਵਿਚ ਚਾਨਣਾ ਪਾਇਆ।

ਯੂਨੀਵਰਸਿਟੀ ਆਫ ਬ੍ਰਿਟਿਸ਼ ਕੋਲੰਬੀਆ ਦੀਆਂ ਤਿੰਨ ਵਿਦਿਆਰਥਣਾਂ ਨਵਜੋਤ ਕੌਰ, ਮਹਿਕ ਧਾਲੀਵਾਲ ਅਤੇ ਰੂਪ ਕੌਰ ਢਿੱਲੋਂ ਨੇ ਵੱਖ ਵੱਖ ਵਿਸ਼ਿਆਂ 'ਤੇ ਬਹੁਤ ਹੀ ਸਾਰਥਿਕ ਵਿਚਾਰ ਪੇਸ਼ ਕਰ ਕੇ ਨੌਜਵਾਨ ਵਰਗ ਦੀ ਸੋਚ ਅਤੇ ਪ੍ਰਤਿਭਾ ਦੀ ਬਾਖ਼ੂਬੀ ਪ੍ਰਗਟਾਵਾ ਕੀਤਾ। ਯੂਨੀਵਰਸਿਟੀ ਆਫ ਕੈਲੀਫੋਰਨੀਆ ਦੀ ਵਿਦਿਆਰਥਣ ਕਿਰਨ ਕੌਰ ਨੇ ਡਾਇਸਪੋਰਾ, ਧਾਰਮਿਕ ਪਛਾਣ ਅਤੇ ਰਾਸ਼ਟਰਵਾਦ ਬਾਰੇ ਆਪਣਾ ਖੋਜ ਕਾਰਜ ਪੇਸ਼ ਕੀਤਾ।

ਕਾਨਫਰੰਸ ਦੌਰਾਨ ਤਿੰਨ ਵਿਚਾਰ ਚਰਚਾ ਪੈਨਲ ਹੋਏ ਜਿਹਨਾਂ ਵਿਚ ਡਾ. ਦਮਨਪ੍ਰੀਤ ਕੌਰ ਕੰਦੋਲਾ, ਸ਼ਰਨਜੀਤ ਕੌਰ ਸੰਧਰਾ, ਡਾ. ਸਿਮਰਪ੍ਰੀਤ ਸਿੰਘ ਤੇ ਤਰਨਜੀਤ ਕੌਰ ਢਿੱਲੋਂ ਨੇ ਸਿੱਖ ਸਕਾਲਰਾਂ ਤੇ ਵਿਗਿਆਨਕਾਂ ਨੂੰ ਪਹਿਲੀ ਪੀੜ੍ਹੀ ਦੇ ਵਿਦਿਆਰਥੀਆਂ ਦੀ ਅਗਵਾਈ ਕਰਨ ਦੇ ਲਈ ਤਾਕਤਵਰ ਬਣਾਉਣ ਤੇ ਚਰਚਾ ਕੀਤੀ, ਡਾ. ਹਰਜਿੰਦਰ ਸਿੰਘ ਸੰਧੂ, ਡਾ. ਕਿਉਸੇ ਸਿਲਾਹ, ਡਾ. ਜਸਮੀਤ ਸਿੰਘ, ਹਰਪ੍ਰੀਤ ਕੌਰ ਅਤੇ ਇੰਦਰਪਾਲ ਚੱਢਾ ਨੇ ਆਰਟੀਫੀਸ਼ੀਅਲ ਇੰਟੈਲੀਜੈਂਸ ਬਾਰੇ ਵਿਚਾਰ ਦਰਸਾਏ ਅਤੇ ਤੀਜੇ ਪੈਨਲ ਰਾਹੀਂ ਡਾ. ਮੁਨਿੰਦਰ ਕੌਰ ਆਹਲੂਵਾਲੀਆ, ਡਾ. ਅੰਮ੍ਰਿਤਪਾਲ ਸਿੰਘ ਸ਼ੇਰਗਿੱਲ, ਡਾ. ਗੌਬਿੰਦਰ (ਗੌਬ) ਬੇਦੀ ਅਤੇ ਡਾ. ਰਮਨ ਕੌਰ ਮੋਹਾਬੀਰ ਨੇ ਸਿੱਖਾਂ ਵੱਲੋਂ ਮਾਨਸਿਕ ਸਿਹਤ ਸੰਬੰਧੀ ਚੁੱਪ ਧਾਰ ਲੈਣ ਬਾਰੇ ਗੱਲਬਾਤ ਕੀਤੀ ਅਤੇ ਇਸ ਉੱਪਰ ਖੋਜ ਅਤੇ ਪ੍ਰੈਕਟਿਸ ਕਰਨ ਲਈ ਸੁਝਾਅ ਦਿੱਤੇ।

ਜੀ.ਐਨ.ਆਈ. ਦੇ ਪ੍ਰੋਫੈਸਰ ਅਤੇ ਡਾਇਰੈਕਟਰ ਡਾ. ਲਖਵਿੰਦਰ ਸਿੰਘ ਬੇਦੀ ਨੇ ਗੁਰੂ ਨਾਨਕ ਇੰਸਟੀਚਿਊਟ ਆਫ ਗਲੋਬਲ ਸਟੱਡੀਜ਼ ਵੱਲੋਂ ਪੰਜਾਬ ਅਤੇ ਕੈਨੇਡਾ ਦਰਮਿਆਨ ਵਿਦਿਅਕ ਪੁਲ ਉਸਾਰਨ ਲਈ ਨਿਭਾਈ ਜਾ ਰਹੀ ਭੂਮਿਕਾ ਬਾਰੇ ਵਿਸਥਾਰ ਵਿਚ ਚਾਨਣਾ ਪਾਇਆ। ਡਾ. ਬਲਬੀਰ ਕੌਰ ਗੁਰਮ ਨੇ ਪਹਿਲੇ ਦਿਨ ਅਤੇ ਡਾ. ਸਤਪਾਲ ਸਿੰਘ ਨੇ ਦੂਜੇ ਦਿਨ ਪੇਸ਼ ਹੋਏ ਸਮੁੱਚੇ ਵਿਚਾਰਾਂ ਨੂੰ ਸੰਖੇਪ ਵਿਚ ਵਰਨਣ ਕੀਤਾ। ਅਮਨ ਸਿੰਘ ਹੁੰਦਲ ਅਤੇ ਗੁਰਜੀਤ ਕੌਰ ਨੇ ਦੋਹਾਂ ਦਿਨਾ ਦੀ ਕਾਨਫਰੰਸ ਦਾ ਸੰਚਾਲਨ ਬਾਖ਼ੂਬੀ ਕੀਤਾ। ਪਹਿਲੇ ਦਿਨ ਦੇ ਡਿਨਰ ਸੈਸ਼ਨ ਵਿਚ ਕੈਨੇਡੀਅਨ ਪੱਤਰਕਾਰੀ, ਰਾਜਨੀਤੀ ਅਤੇ ਸਮਾਜਿਕ ਖੇਤਰ ਵਿਚ ਲੰਮਾਂ ਤਜਰਬਾ ਰੱਖਣ ਵਾਲੇ ਜਸ ਜੌਹਲ ਨੇ ਵਿਦਿਆਰਥੀਆਂ ਅਤੇ ਮਹਿਮਾਨਾਂ ਨਾਲ ਆਪਣੇ ਵਿਚਾਰ ਸਾਂਝੇ ਕੀਤੇ। ਨੀਸ਼ਾ ਹੋਠੀ ਨੇ ਇਸ ਸੈਸ਼ਨ ਦਾ ਸੰਚਾਲਨ ਕੀਤਾ।

ਗਿਆਨ ਸਿੰਘ ਸੰਧੂ, ਡਾ. ਕਮਲਜੀਤ ਕੌਰ ਸਿੱਧੂ, ਅਮਨ ਸਿੰਘ ਹੁੰਦਲ, ਗੁਰਜੀਤ ਕੌਰ, ਸਤਵੀਰ ਕੌਰ ਸਿੱਧੂ, ਡਾ. ਲਖਵਿੰਦਰ ਸਿੰਘ ਬੇਦੀ, ਨੀਸ਼ਾ ਕੌਰ ਹੋਠੀ ਅਤੇ ਸੰਸਥਾ ਦੀ ਸਮੁੱਚੀ ਟੀਮ ਦੀ ਮਿਹਨਤ, ਸਮੱਰਪਿਤ ਭਾਵਨਾ, ਦੂਰ-ਅੰਦੇਸ਼ੀ ਅਤੇ ਯਤਨਾਂ ਸਦਕਾ ਅੰਤਰਰਾਸ਼ਟਰੀ ਸਿੱਖ ਖੋਜ ਕਾਨਫਰੰਸ-2025 ਸਿੱਖ ਭਾਈਚਾਰੇ ਵਿਚ ਕਈ ਗੰਭੀਰ ਮੁੱਦਿਆਂ ਨੂੰ ਉਜਾਗਰ ਕਰਨ ਵਿਚ ਸਫਲ ਰਹੀ। ਇਸ ਮੌਕੇ ਸਿੱਖ ਆਰਕਾਈਵਜ਼ ਆਫ ਕੈਨੇਡਾ ਵੱਲੋਂ ਦੁਰਲੱਭ ਚਿੱਤਰਾਂ, ਪੁਸਤਕਾਂ ਅਤੇ ਰਸਾਲਿਆਂ ਦੀ ਪ੍ਰਦਰਸ਼ਨੀ ਵਿਚ ਦਰਸ਼ਕਾਂ ਨੇ ਵਿਸ਼ੇਸ਼ ਦਿਲਚਸਪੀ ਪ੍ਰਗਟ ਕੀਤੀ।

## ਕਾਮਯਾਬ ਰਿਹਾ ਮਹਿਕਦੇ ਅਲਫ਼ਾਜ਼ ਸਾਹਿਤ ਸਭਾ ਵੱਲੋਂ ਅਧਿਆਪਕ ਦਿਵਸ ਨੂੰ ਸਮਰਪਿਤ ਕਵੀ ਦਰਬਾਰ ਅਤੇ ਉੱਘੇ ਸ਼ਾਇਰ ਵਿੰਦਰ ਮਾਝੀ ਦਾ ਗ਼ਜ਼ਲ ਸੰਗ੍ਰਹਿ ' ਰਮਜ਼ ਫ਼ਕੀਰੀ ਦੀ ' ਦਾ ਲੋਕ ਅਰਪਣ ਸਮਾਰੋਹ

ਵਰਲਡ ਪੰਜਾਬੀ ਟਾਈਮਜ਼
ਅੰਜੂ ਅਮਨਦੀਪ ਗਰੋਵਰ




ਚੰਡੀਗੜ੍ਹ, 24 ਸਤੰਬਰ : ਮਹਿਕਦੇ ਅਲਫਾਜ਼ ਸਾਹਿਤ ਸਭਾ ਵੱਲੋਂ ਅਧਿਆਪਕ ਦਿਵਸ ਨੂੰ ਸਮਰਪਿਤ ਆਨਲਾਈਨ ਕਵੀ ਦਰਬਾਰ ਕਰਾਇਆ ਗਿਆ। ਸਰਪ੍ਰਸਤ ਨਾਮਵਾਰ ਗ਼ਜ਼ਲਗੋ ਡਾ. ਗੁਰਚਰਨ ਕੌਰ ਕੋਚਰ ਜੀ ਅਤੇ ਸੰਸਥਾਪਕ ਅਤੇ ਪ੍ਰਧਾਨ ਡਾ. ਰਵਿੰਦਰ ਕੌਰ ਭਾਟੀਆਂ ਜੀ ਨੇ ਆਏ ਹੋਏ ਸਾਰੇ ਹੀ ਸਾਹਿਤਕਾਰਾਂ ਅਤੇ ਸਾਹਿਤ ਪ੍ਰੇਮੀਆਂ ਦਾ ਨਿੱਘੇ ਸ਼ਬਦਾਂ ਨਾਲ ਸਵਾਗਤ ਕੀਤਾ ਅਤੇ ਜੀ ਆਇਆਂ ਕਿਹਾ।

ਇਸ ਸਮਾਗਮ ਵਿੱਚ ਨਾਮੀ ਸ਼ਾਇਰ ਵਿੰਦਰ ਮਾਝੀ ਦੀ ਨਵੀਂ ਆਈ ਪੁਸਤਕ " ਰਮਜ਼ ਫ਼ਕੀਰੀ ਦੀ " ਲੋਕ ਅਰਪਣ ਕੀਤੀ ਗਈ। ਸਭਾ ਦਾ ਸੰਚਾਲਨ ਸਭਾ ਦੇ ਜਨਰਲ ਸਕੱਤਰ ਅਤੇ ਸਲਾਹਕਾਰ ਅਮਨਬੀਰ ਸਿੰਘ ਧਾਮੀ ਜੀ ਨੇ ਬੜੇ ਹੀ ਪਿਆਰ ਅਤੇ ਮੋਹ ਭਿੱਜੇ ਸ਼ਬਦਾਂ ਨਾਲ ਕੀਤਾ।ਸਮਾਗਮ ਦੌਰਾਨ ਉੱਘੇ ਸ਼ਾਇਰ ਤਰਲੋਚਨ ਲੋਚੀ ਜੀ ਨੇ ਵਿੰਦਰ ਮਾਂਝੀ ਦੇ ਨਵੇਂ ਗ਼ਜ਼ਲ ਸੰਗ੍ਰਹਿ' ਰਮਜ਼ ਫ਼ਕੀਰੀ ਦੀ 'ਬਾਰੇ ਆਪਣੇ ਵਿਚਾਰ ਸਾਂਝੇ ਕੀਤੇ।

ਉਸਤਾਦ ਰਣਜੀਤ ਸਿੰਘ ਧੂਰੀ ਜੀ ਨੇ ਪਰਚਾ ਪੜ੍ਹ ਕੇ ਸਭ ਦਾ ਮਨ ਮੋਹ ਲਿਆ। ਸਭਾ ਦੀ ਸਰਪਰਸਤ ਡਾ. ਗੁਰਚਰਨ ਕੌਰ ਕੋਚਰ ਜੀ ਨੇ ਰਮਜ਼ ਫ਼ਕੀਰੀ ਦੀ ਕਿਤਾਬ ਵਿੱਚ ਸ਼ਾਮਿਲ ਗ਼ਜ਼ਲਾਂ ਨੂੰ ਉੱਚ ਪਾਏਦਾਰ ਕਿਹਾ ਤੇ ਹੋਰ ਵੀ ਵਧੀਆ ਗ਼ਜ਼ਲਾਂ ਉਲੀਕਣ ਦੀ ਉਮੀਦ ਕੀਤੀ। ਅੰਜੂ ਅਮਨਦੀਪ ਗਰੋਵਰ ਜੀ ਨੇ ਕਿਤਾਬ ਵਿੱਚ ਸ਼ਾਮਿਲ ਗ਼ਜ਼ਲਾਂ ਵਿੱਚੋਂ ਇੱਕ ਛੋਟੀ ਬਹਿਰ ਦੀ ਗ਼ਜ਼ਲ ਪੜ੍ਹੀ ਤੇ ਮੁਬਾਰਕਬਾਦ ਦਿੱਤੀ।

ਜਸਪਾਲ ਸਿੰਘ ਦਸੂਹੀ ਜੀ ਨੇ ਸ਼ਾਨਦਾਰ ਟਿੱਪਣੀਆਂ ਕੀਤੀਆਂ ਤੇ ਉਸਤਾਦਾਂ ਦੇ ਉਸਤਾਦ ਸਿਰੀ ਰਾਮ ਅਰਸ਼ ਜੀ ਦਾ ਪਹਿਲਾ ਯਾਦਗਾਰੀ ਐਵਾਰਡ ਵਿੰਦਰ ਮਾਂਝੀ ਨੂੰ ਦੇਣ ਦਾ ਐਲਾਨ ਵੀ ਕੀਤਾ। ਇਸ ਕਵੀ ਦਰਬਾਰ ਵਿੱਚ ਸੁਰਜੀਤ ਸਿੰਘ ਧੀਰ, ਗੁਰਦੀਪ ਗੁੱਲ, ਪਰਜਿੰਦਰ ਕੌਰ ਕਲੇਰ, ਗਿਆਨ ਸਿੰਘ ਦਰਦੀ, ਡਾ. ਰਜ਼ਾਕ ਸ਼ਾਹਿਦ,ਦੀਪ ਕੁਲਦੀਪ, ਡਾ.ਰਵਿੰਦਰ ਕੌਰ ਭਾਟੀਆ, ਵਤਨਵੀਰ ਜ਼ਖ਼ਮੀ ਜਨਰਲ ਸਕੱਤਰ ਰਾਜਬੀਰ ਕੌਰ ਗਰੇਵਾਲ, ਮੀਡੀਆ ਸਕੱਤਰ ਸਰਬਜੀਤ ਕੌਰ ਹਾਜੀਪੁਰ ਆਦਿ ਕਵੀਆਂ ਨੇ ਆਪਣੀਆਂ ਆਪਣੀਆਂ ਰਚਨਾਵਾਂ ਦੀ ਸਾਂਝ ਪਾਈ ਅਤੇ ਕਿਤਾਬ ਨੂੰ ਜੀ ਆਇਆਂ ਆਖਿਆ।

ਨਾਮਵਰ ਗਾਇਕ ਮੰਗਤ ਖਾਨ ਨੇ 'ਰਮਜ਼ ਫ਼ਕੀਰੀ ਦੀ'' ਗ਼ਜ਼ਲ ਸੰਗ੍ਰਹਿ ਵਿੱਚੋਂ ਇੱਕ ਗ਼ਜ਼ਲ ਤਰੰਨਮ ਵਿੱਚ ਗਾ ਕੇ ਮਹਿਫ਼ਿਲ ਵਿੱਚ ਰੰਗ ਭਰ ਦਿੱਤੇ। ਮੀਤਾ ਖੰਨਾ ਜੀ ਨੇ ਕਿਤਾਬ ਨੂੰ "ਜੀ ਆਇਆਂ ਆਖਿਆ ਤੇ ਹੋਰ ਤਰੱਕੀ ਲਈ ਅਸੀਸ ਦਿੱਤੀ। ਸਮਾਗਮ ਦੌਰਾਨ ਮੰਚ ਸੰਚਾਲਕ ਦੀ ਭੂਮਿਕਾ ਅਮਨਬੀਰ ਸਿੰਘ ਧਾਮੀ ਜੀ ਨੇ ਬਾਖ਼ੂਬੀ ਨਿਭਾਈ ਤੇ ਸਭ ਤੋਂ ਵਾਹ ਵਾਹ ਖੱਟੀ। ਵਿੰਦਰ ਮਾਝੀ ਨੇ ਆਪਣੀ ਇੱਕ ਗ਼ਜ਼ਲ ਪੜ੍ਹ ਕੇ ਮਹਿਕਦੇ ਅਲਫ਼ਾਜ਼ ਸਾਹਿਤ ਸਭਾ ਦੀ ਪ੍ਰਬੰਧਕੀ ਟੀਮ ਦਾ ਅਤੇ ਮਹਿਮਾਨਾਂ ਦਾ ਧੰਨਵਾਦ ਕੀਤਾ। ਅੰਤ ਵਿੱਚ ਸਭਾ ਦੇ ਸੰਸਥਾਪਕ /ਪ੍ਰਧਾਨ ਡਾ. ਰਵਿੰਦਰ ਕੌਰ ਭਾਟੀਆ ਅਤੇ ਮੀਤ ਪ੍ਰਧਾਨ ਮੀਤਾ ਖੰਨਾ ਜੀ ਨੇ ਆਏ ਹੋਏ ਸਾਰੇ ਹੀ ਕਵੀਆਂ ,ਮਹਿਮਾਨਾਂ ਅਤੇ ਸਾਹਿਤ ਪ੍ਰੇਮੀਆਂ ਦਾ ਧੰਨਵਾਦ ਕੀਤਾ। ਵਿੰਦਰ ਮਾਂਝੀ ਦੇ ਨਵੇਂ ਗ਼ਜ਼ਲ ਸੰਗ੍ਰਹਿ' ਰਮਜ਼ ਫ਼ਕੀਰੀ ਦੀ 'ਦਾ ਸਾਹਿਤ ਦੇ ਖੇਤਰ ਵਿੱਚ ਨਿੱਘਾ ਸਵਾਗਤ ਕੀਤਾ ਅਤੇ ਮੁਬਾਰਕਬਾਦ ਦਿੱਤੀ।

## ਗਿਆਨਦੀਪ ਮੰਚ ਵੱਲੋਂ ਪੁਸਤਕ 'ਅਹਿਸਾਸ' ਲੋਕ ਅਰਪਣ

ਵਰਲਡ ਪੰਜਾਬੀ ਟਾਈਮਜ਼
ਬਲਬੀਰ ਜਲਾਲਾਬਾਦੀ






ਪਟਿਆਲਾ 24 ਸਤੰਬਰ : ਗਿਆਨਦੀਪ ਸਾਹਿਤ ਸਾਧਨਾ ਮੰਚ (ਰਜਿ) ਪਟਿਆਲਾ ਵੱਲੋਂ ਭਾਸ਼ਾ ਵਿਭਾਗ ਦੇ ਸੈਮੀਨਾਰ ਹਾਲ ਵਿੱਚ ਇੱਕ ਸਾਹਿਤਕ ਸਮਾਗਮ ਕਰਵਾਇਆ ਗਿਆ। ਡਾ ਜੀ ਐਸ ਆਨੰਦ ਦੀ ਪ੍ਰਧਾਨਗੀ ਹੇਠ ਹੋਏ ਇਸ ਸਮਾਗਮ ਵਿੱਚ ਸ਼ਾਇਰਾ ਮਨਜੀਤ ਕੌਰ ਅਜ਼ਾਦ (ਪ੍ਰਿੰਸੀਪਲ ਰਿਟਾ.) ਦੀ ਕਾਵਿ ਪੁਸਤਕ 'ਅਹਿਸਾਸ' ਨੂੰ ਲੋਕ ਅਰਪਣ ਕੀਤਾ ਗਿਆ। ਸਮਾਗਮ ਦਾ ਅਗਾਜ਼ ਕਰਦਿਆਂ ਮੰਚ ਦੇ ਜਨਰਲ ਸਕੱਤਰ ਬਲਬੀਰ ਜਲਾਲਾਬਾਦੀ ਨੇ ਮਨਜੀਤ ਕੌਰ 'ਅਜ਼ਾਦ' ਦੀ ਸਿਰਜਣ ਪ੍ਰਕਿਰਿਆ ਅਤੇ ਪੁਸਤਕ ਸੰਬੰਧੀ ਜਾਣਕਾਰੀ ਸਾਂਝੀ ਕੀਤੀ। ਮੁੱਖ ਮਹਿਮਾਨ ਵਜੋਂ ਬੋਲਦਿਆਂ ਡਾ ਪਰਮਿੰਦਰ ਜੀਤ ਕੌਰ ਨੇ ਕਿਹਾ ਕਿ ਕਵਿੱਤਰੀ ਨੇ ਆਪਣੇ ਅਹਿਸਾਸਾਂ ਰਾਹੀਂ ਸਮਾਜ ਦੇ ਦਰਦ ਨੂੰ ਸ਼ਬਦਾਂ ਵਿੱਚ ਪਰੋਣ ਦਾ ਯਤਨ ਕੀਤਾ ਹੈ। ਪੇਪਰ ਵਕਤਾ ਵਜੋਂ ਬੋਲਦਿਆਂ ਡਾ ਅਰਵਿੰਦਰ ਕੌਰ ਕਾਕੜਾ ਦਾ ਤਰਕ ਸੀ ਕਿ ਕਵਿੱਤਰੀ ਦੀ ਮਾਨਵਵਾਦੀ ਸੋਚ ਸਮਾਜ ਵਿਚਲੇ ਕੁਹਜ ਨੂੰ ਚਿੱਤਰਮਾਨ ਕਰਦੀ ਹੋਈ ਰਿਸ਼ਤਿਆਂ ਨੂੰ ਜੀਵੰਤ ਰੱਖਣ ਲਈ ਚਿੰਤਤ ਹੈ।

ਪੇਪਰ 'ਤੇ ਬਹਿਸ ਦਾ ਆਰੰਭ ਕਰਦਿਆਂ ਡਾ ਮਹੇਸ਼ ਗੌਤਮ ਨੇ ਵੀ ਪੁਸਤਕ ਨੂੰ ਦਰਦ ਦੀ ਕਵਿਤਾ ਕਿਹਾ। ਬਹਿਸ ਵਿੱਚ ਉਪਰੋਕਤ ਤੋਂ ਇਲਾਵਾ ਨਰਿੰਦਰ ਪਾਲ ਕੌਰ, ਬੀ ਪੀ ਸਿੰਘ ਧਾਲੀਵਾਲ, ਸੁਰਿੰਦਰ ਕੌਰ ਵਰਮਾ ਅਤੇ ਚਰਨਜੀਤ ਕੌਰ ਨੇ ਵੀ ਵਿਚਾਰ ਪੇਸ਼ ਕੀਤੇ। ਪ੍ਰਧਾਨਗੀ ਭਾਸ਼ਣ ਦਿੰਦਿਆਂ ਡਾ ਜੀ ਐੱਸ ਆਨੰਦ ਦਾ ਕਥਨ ਸੀ ਕਿ ਇਹ ਪੁਸਤਕ ਮਨੁੱਖ ਨੂੰ ਆਪਣੇ ਅੰਦਰ ਦੇ ਔਗਣਾਂ ਨੂੰ ਪਛਾਣਨ ਦਾ ਹੌਸਲਾ ਪ੍ਰਦਾਨ ਕਰਦੀ ਹੈ। ਮੰਚ ਵੱਲੋਂ ਕੁਲਵੰਤ ਸਿੰਘ ਨਾਰੀਕੇ ਦੀ ਸੰਪਾਦਨਾ ਹੇਠ ਛਪਦੇ ਮੈਗਜ਼ੀਨ 'ਗੁਸਈਆਂ' ਦਾ ਤਾਜ਼ਾ ਅੰਕ ਵੀ ਲੋਕ ਅਰਪਣ ਕੀਤਾ ਗਿਆ।

ਕਵਿਤਾ ਦੇ ਸੈਸ਼ਨ ਵਿੱਚ ਹਾਜ਼ਰ ਨਾਮਵਰ ਕਵੀਆਂ ਵਿੱਚੋਂ ਡਾ ਸੰਤੋਖ ਸੁੱਖੀ, ਗੁਰਚਰਨ ਸਿੰਘ ਚੰਨ ਪਟਿਆਲਵੀ, ਕੁਲਵੰਤ ਸੈਦੋਕੇ, ਬਚਨ ਸਿੰਘ ਗੁਰਮ, ਦਰਸ਼ਨ ਸਿੰਘ ਦਰਸ਼ ਪਸਿਆਣਾ, ਲਾਲ ਮਿਸਤਰੀ, ਡਾ ਇੰਦਰ ਪਾਲ ਸਿੰਘ, ਨਵਦੀਪ ਮੁੰਡੀ, ਡਾ ਰਵੀ ਭੂਸ਼ਨ, ਅਵਤਾਰਜੀਤ, ਡਾ ਗੁਰਵਿੰਦਰ ਸਿੰਘ ਅਮਨ, ਗੁਰਮੇਲ ਸਿੰਘ ਐਸ ਡੀ ਓ, ਮਨਦੀਪ ਮੈਂਡੀ, ਕਿਰਪਾਲ ਸਿੰਘ ਮੂਨਕ, ਰਾਮ ਸਿੰਘ ਬੰਗ, ਤੇਜਿੰਦਰ ਅਨਜਾਨਾ, ਜਸਵਿੰਦਰ ਖਾਰਾ, ਮੰਗਤ ਖਾਨ, ਬਲਬੀਰ ਸਿੰਘ ਦਿਲਦਾਰ, ਬਲਵਿੰਦਰ ਭੱਟੀ, ਡਾ ਤਰਲੋਚਨ ਕੌਰ, ਕ੍ਰਿਸ਼ਨ ਧੀਮਾਨ, ਜਸਵਿੰਦਰ ਕੌਰ, ਸੁਖਵਿੰਦਰ ਕੌਰ ਸੁੱਖ, ਬਲਵਿੰਦਰ ਕੌਰ ਥਿੰਦ, ਕੁਲਦੀਪ ਜੋਧਪੁਰੀ, ਪ੍ਰੋਫ. ਬਲਵੰਤ ਸਿੰਘ ਬੱਲੀ, ਜੋਗਾ ਸਿੰਘ ਧਨੌਲਾ, ਰਿਪਨਜੋਤ ਕੌਰ ਸੋਨੀ ਬੱਗਾ, ਮਹਿੰਦਰ ਸਿੰਘ ਜੱਗੀ, ਤੋਂ ਇਲਾਵਾ ਇੰਜੀ ਅਵਤਾਰ ਸਿੰਘ ਮਾਂਗਟ, ਗੁਰਸ਼ਰਨ ਜੀਤ ਸਿੰਘ, ਰਾਜੇਸ਼ਵਰ ਕੁਮਾਰ, ਰਾਜੇਸ਼ ਕੋਟੀਆ, ਤੇ ਮੁਕੇਸ਼ ਆਦਿ ਸ਼ਖ਼ਸੀਅਤਾਂ ਵੀ ਹਾਜ਼ਰ ਰਹੀਆਂ। ਫੋਟੋਗ੍ਰਾਫੀ ਦੇ ਫਰਜ਼ ਗੁਰਪ੍ਰੀਤ ਸਿੰਘ ਜਖਵਾਲੀ ਅਤੇ ਜੋਗਾ ਸਿੰਘ ਧਨੌਲਾ ਵੱਲੋਂ ਬਾਖੂਬੀ ਨਿਭਾਏ ਗਏ।

## ਆਓ ਗੁੱਲੀ-ਡੰਡਾ ਖੇਡੀਏ



ਗੁੱਲੀ ਡੰਡਾ ਇੱਕ ਖੇਡ ਸੀ ਬੱਚਿਓ
ਹੁੰਦੀ ਬਹੁਤ ਪੁਰਾਣੀ।
ਖੁੱਲ੍ਹੇ ਥਾਂ 'ਤੇ ਖੇਡਦੇ ਹੁੰਦੇ ਸੀ,
ਰਲ ਮਿਲ ਕੇ ਸਭ ਹਾਣੀ।

ਆਓ ਸਾਂਝੀਆਂ ਕਰੀਏ ਆਪਾਂ,
ਖੇਡ ਬਾਰੇ ਕੁੱਝ ਗੱਲਾਂ।
ਬੜੇ ਪੁਰਾਣੇ ਵਿਰਸੇ ਦੇ ਵੱਲ
ਅੱਜ ਥੋਨੂੰ ਲੈ ਚੱਲਾਂ।

ਇੱਕ ਫੁੱਟ ਦੇ ਡੰਡੇ ਦੇ ਸਿਰੇ 'ਤੇ
ਵਾਢਾ ਸੀ ਇੱਕ ਪਾਉਣਾ।
ਚਾਰ ਕੁ ਇੰਚ ਦੀ ਲੱਕੜ ਘੜ੍ਹਕੇ
ਗੁੱਲੀ ਅਸੀਂ ਬਣਾਉਣਾ।

ਦੋਵੇ ਪਾਸਿਆਂ ਤੋਂ ਤਿੱਖੀ ਹੁੰਦੀ,
ਹਵਾ ਵਿੱਚ ਉੱਡ ਜਾਵੇ।
ਜਦ ਕੋਈ ਗੱਬ ਨਾਲ ਡੰਡੇ
ਗੁੱਲੀ ਦੇ ਸਿਰੇ 'ਤੇ ਲਾਵੇ।

ਦੋ ਟੋਲੀਆਂ ਵਿੱਚ ਜਾਂਦੇ ਸੀ ਫਿਰ
ਸਾਰੇ ਹਾਣੀ ਵੰਡੇ।
ਇੱਕ ਨੇ ਸੁੱਟਣੀ ,ਦੂਜੇ ਨੇ ਬੁੱਚਣੀ,
ਸੁੱਟਦੇ ਨਾਲ ਸੀ ਡੰਡੇ।

ਲੰਮੀ ਰਾਹਬ ਧਰਤੀ 'ਤੇ ਪੁੱਟਕੇ,
ਉਸ ਉੱਪਰ ਰੱਖ ਲੈਂਦੇ।
ਸਾਰਾ ਜ਼ੋਰ ਲਾ ਉੱਪਰ ਸੁੱਟਣੀ,
ਹੰਪੇ ਨਾਲੇ ਸੀ ਕਹਿੰਦੇ।

ਜਿੰਨਾਂ ਨੇ ਬੁੱਚ ਲੈਣੀ ਗੁੱਲੀ,
ਜਿੱਤ ਉਹੀ ਸੀ ਜਾਂਦੇ।
ਫਿਰ ਵਾਰੀ ਦੂਜਿਆਂ ਦੀ ਆਉਣੀ,
ਆਪਣੀ ਵਾਰੀ ਪੁਗਾਉਂਦੇ।

ਇਸ ਤਰਾਂ ਦੀ ਖੇਡ ਉਹ 'ਪੱਤੋ',
ਅੱਜ ਖੇਡੇ ਨਾ ਕੋਈ।
ਨਵੀਆਂ ਖੇਡਾਂ ਪੱਬ ਜੀ ਵਰਗੀਆਂ,
ਬਚਪਨ ਜਾਣ ਲਕੋਈ।

ਵਰਲਡ ਪੰਜਾਬੀ ਟਾਈਮਜ਼
ਹਰਪ੍ਰੀਤ ਪੱਤੋ

## ਆਸਾਂ ਦੀ ਸਵੇਰ

ਵਰਲਡ ਪੰਜਾਬੀ ਟਾਈਮਜ਼
ਹਰਪ੍ਰੀਤ,ਨਕੋਦਰ



ਬਖਸ਼ ਕੁਦਰਤੇ ਤੇਰਾ ਕਹਿਰ ਨੀ, ਪਾਣੀਆਂ ਵਿੱਚ ਘੋਲੇਂ ਜ਼ਹਿਰ ਨੀ।
ਘਰੋਂ ਬੇਘਰ ਹੋਏ ਕਿਸਮਤ ਮਾਰੇ, ਮਹੱਲ ਜਾਪਦੇ ਵੀਰਾਨ ਖੰਡਰ ਨੀ।

ਨਦੀਆਂ ਦੇ ਸੀਨੇ ਸੜਨ ਮੱਚੇ, ਪਰਿੰਦੇ ਉੱਡਣ ਹੋ ਕੇ ਬੇਘਰ ਨੀ।
ਰੰਗ ਖਿੰਡ ਗਏ ਸਭੇ ਧਰਤ ਦੇ, ਹਰ ਰੁੱਖ ਖੜ੍ਹਾ ਬੇਬਰ ਨੀ।

ਹਵਾ ਵਿੱਚ ਘੁਲਿਆ ਖੌਫ ਜਿਹਾ, ਸੁੰਨੇ ਪੈ ਗਏ ਕਸਬੇ ਸ਼ਹਿਰ ਨੀ।
ਅਤਫ਼ਾਲ ਪਏ ਭਰਦੇ ਸਿਸਕੀਆਂ, ਖ਼ਾਮੋਸ਼ ਪਿਆ ਹਰ ਬਸ਼ਰ ਨੀ।

ਸੂਰਜ ਚਿਣਕੇ ਤਪੇ ਬਣ ਕੇ ਸਹਿਰ, ਚਮੜੀ ਨੂੰ ਚੁੰਭਦਾ ਬਹਿਰ ਨੀ।
ਰਾਤਾਂ ਦੇ ਬੁੱਕਲ ਵਿੱਚ ਅੱਗ ਜਾਪੇ, ਸੁਪਨੇ ਵੀ ਹੋਏ ਪਸਰ ਨੀ।

ਚੰਨ ਤਾਰੇ ਸਭ ਧੁੰਦਲਾ ਗਏ, ਰਾਹਾਂ ਦੇ ਰਾਹ ਹੋਏ ਪੱਥਰ ਨੀ।
ਸਵਾਸਾਂ ਦੀ ਰੂਹ ਪਈ ਕੰਬ ਰਹੀ, ਸੋਚਾਂ ਨੂੰ ਪੈ ਗਈ ਠਹਿਰ ਨੀ।

ਖੜ੍ਹੀ ਕੋਨਿਓ ਫੜਕਦੀ ਰੌਸ਼ਨੀ, ਹਵਾ ਨਾਲ ਹੌਲੇ ਬਹਿਰ ਨੀ।
ਮਿੱਟੀ ਦੇ ਚੀਰੇ ਵਿੱਚ ਬੀਜ ਪੁੰਗਰਣ, ਉਮੀਦ ਵਾਂਗੂ ਰੰਗ ਰਹਿਬਰ ਨੀ।

ਸ਼ਾਲਾ ਅੱਖਾਂ 'ਚ ਫੇਰ ਹਾਸੇ ਖਿੜਣ, ਚੁੱਪਕਾਰੀ ਭੱਜੇ ਬੇਸਬਰ ਨੀ।
ਨਦੀਆਂ ਲੱਭਣ ਸੁਰਝਾਣਾ ਮੁੜ, ਖੁਸ਼ੀਆਂ ਦੀ ਦੌੜੇ ਲਹਿਰ ਨੀ।

ਘਰ ਹੋਣ ਉਜਾਲੇ ਦੇ ਸਰੂਪ, ਗੂੰਜਣ ਰਾਗ ਸੋਹੀਲੇ ਦਰਰ ਦਹਿਰ ਨੀ।
ਮੁੜ ਉੱਠ ਖੜ੍ਹੇ ਮੇਰਾ ਸੋਹਣਾ ਪੰਜਾਬ, ਕਸਬਾ-ਕਸਬਾ, ਸ਼ਹਿਰ-ਸ਼ਹਿਰ ਨੀ।

ਬੇਸਾਖ਼ਤਾ ਹਾਸੇ ਮੁੜ ਖਿੜਣ, ਨਗਮਾ-ਖੇਜ਼ ਚਾਰੋਂ ਪਹਿਰ ਨੀ।
ਜਿੱਥੇ ਚੁੱਪ ਪਸਰੀ ਉੱਥੇ ਹੋਣ ਹਾਸੇ, ਮਿੱਟ ਜਾਵੇ ਕੁਦਰਤ ਦਾ ਕਹਿਰ ਨੀ।

## ਅਸੁਨਿ ਪ੍ਰੇਮ ਉਮਾਹੜਾ****

ਵਰਲਡ ਪੰਜਾਬੀ ਟਾਈਮਜ਼
ਸੁਰਜੀਤ ਸਾਰੰਗ




ਅੱਸੂ ਦੇ ਮਹਿਨੇ ਵਿਚ ਪ੍ਰੇਮ ਨੇ ਇਕ ਉਛਾਲਾ ਮਾਰਿਆ ਤੇ ਜਦੋਂ ਅੰਦਰ ਪ੍ਰੇਮ ਪੈਦਾ ਹੋਇਆ ਤਾਂ ਅੰਦਰੋਂ ਇਕ ਸਵਾਲ ਉਠਿਆ।
ਮਾਲਕਾਂ ਤੇਰੇ ਦਰਸ਼ਨ ਕਿਵੇਂ ਨਜੀਬ ਹੋਣਗੇ।
ਮਨ ਵਿਚ ਅਤੇ ਤਨ ਵਿਚ ਪ੍ਰਭੂ ਦੇ ਦਰਸ਼ਨਾਂ ਦੀ ਪਿਆਸ ਬਹੁਤ ਜ਼ਿਆਦਾ ਪੈਂਦਾ ਹੋਈ। ਹੇ ਮਾਂ ਕੋਈ ਐਸਾ ਹੈ ਜਿਹੜਾ ਮੈਨੂੰ ਉਸ ਪਿਆਰੇ ਪ੍ਰਮਾਤਮਾ ਦੇ ਚਰਨਾਂ ਨਾਲ ਮਿਲਾ ਦੇਵੇਂ। ਅੱਸੂ ਦੇ ਮਹਿਨੇ ਵਿਚ ਸਾਡੇ ਅੰਦਰ ਪ੍ਰੇਮ ਪੈਦਾ ਹੋ ਗਿਆ।
ਅਸੀਂ ਸਾਰੇ ਗੁਰੂ ਗ੍ਰੰਥ ਸਾਹਿਬ ਅੱਗੇ ਮੱਥਾ ਟੇਕਦੇ ਹਾਂ ਪਰ, ਇਕ ਗੱਲ ਧਿਆਨ ਵਿਚ ਰੱਖਣਾ ਗੁਰੂ ਸਾਹਿਬ ਦੇ ਚਰਨਾਂ ਵਿਚ ਸਾਡਾ ਮੱਥਾ ਟੇਕਣ ਦਾ ਢੰਗ ਸਾਡੀ ਮੁਦਰਾ ਇਕੋ ਜਿਹੀ ਹੋਵੇਗੀ ਪਰ ਅੰਦਰ ਦੀ ਅਵੱਸਥਾ ਤੋਂ ਮੰਗ ਹਰ ਇਕ ਦੀ ਇਕੋ ਜਿਹੀ ਨਹੀਂ ਹੁੰਦੀ।
ਜਿਸ ਦੇ ਮਨ ਪ੍ਰੇਮ ਤੇ ਦਰਸ਼ਨਾਂ ਦੀ ਪਿਆਸ ਪੈਦਾ ਹੋ ਜਾਵੇ।
ਉਹ ਜਗਿਆਸੂ ਸਭ ਤੋਂ ਸ੍ਰੇਸ਼ਟ ਹੈ। ਜੇਕਰ ਕੋਈ ਮਨੁੱਖ ਇਹ ਮੰਗ ਲੈ ਕੇ ਗੁਰੂ ਕੋਲ ਆਉਂਦਾ ਹੈ। ਮੈਨੂੰ ਧਰਮ ਅਰਥ ਕਾਮ ਤੇ ਮੇਖਸ਼ ਇਹ ਚਾਰ ੍ਪਦਾਰਥ ਚਾਹੀਦੇ ਹਨ। ਇਹ ਪ੍ਰ ਦੇ ਦਰਸ਼ਨਾਂ ਦੀ ਪਿਆਸ ਸਭ ਤੋਂ ਉਤਮ ਦਾਤ ਹੈ। ਜੇ ਕਿਸੇ ਦੇ ਮਨ ਵਿਚ ਇਹ ਖਿਆਲ ਆ ਗਿਆ ਮੈਨੂੰ ਧਰਮ,ਅਰਥ, ਕਾਮ ਤੇ ਮੇਖ ਚਾਰ ਪਦਾਰਥ ਚਾਹੀਦੇ ਹਨ। ਸੰਗਤ ਦੀ ਸੇਵਾ ਕਰਿਆ ਕਰ ਤੈਨੂੰ ਚਾਰ ਪਦਾਰਥ ਮਿਲ ਸਕਦੇ ਹਨ

## ਸ਼ਮਲੇ ਵਾਲੀ ਪੱਗ



ਵਰਲਡ ਪੰਜਾਬੀ ਟਾਈਮਜ਼
ਅਮਰਜੀਤ ਸਿੰਘ ਸਿੱਧੂ

ਤੇਰੀ ਅੱਖ ਦੀ ਘੂਰ ਤੋਂ ਡਰਕੇ ਬਹਿ ਜਾਨੀਂ ਆਂ
ਬਹਿ ਜਾਵੇ ਜਿਵੇਂ ਸਮੁੰਦਰੀ ਝੱਗ ਵੇ ਬਾਬਲ
ਬੋਚ ਬੋਚਕੇ ਪੈਰ ਧਰਦੀ ਹਾਂ ਮੈਂ ਧਰਤੀ ਤੇ
ਕੋਈ ਸਕਦਾ ਨੀ ਮੈਨੂੰ ਠੱਗ ਵੇ ਬਾਬਲ
ਤੇਰੀ ਸ਼ਮਲ਼ੇ ਵਾਲੀ ਪੱਗ ਵੇ ਬਾਬਲ
ਜਾਵੇ ਨਜ਼ਰ ਨਾ ਇਸਨੂੰ ਲੱਗ ਵੇ ਬਾਬਲ

ਮੈਨੂੰ ਸਦਾ ਤੂੰ ਸਾਂਭ ਸਾਂਭਕੇ ਰੱਖਿਆ ਹੈ
ਜਿਵੇਂ ਕੋਈ ਕੀਮਤੀ ਨਗ ਵੇ ਬਾਬਲ
ਬਿਨਾਂ ਬਾਲਨੋ ਦੁਨੀਆਂ ਲਾ ਦਿੰਦੀ ਹੈ
ਵਸਦੇ ਘਰਾਂ ਵਿੱਚ ਅੱਗ ਵੇ ਬਾਬਲ
ਤੇਰੀ ਸ਼ਮਲ਼ੇ ਵਾਲੀ ਪੱਗ ਵੇ ਬਾਬਲ
ਜਾਵੇ ਨਜ਼ਰ ਨਾ ਇਸਨੂੰ ਲੱਗ ਵੇ ਬਾਬਲ

ਸਿੱਧੂ ਹਰ ਇਮਤਿਹਾਨ ਮੈਂ ਪਾਸ ਕਰੂੰਗੀ
ਜੇਕਰ ਮਿਲਿਆ ਤੇਰਾ ਸੱਗ ਵੇ ਬਾਬਲ
ਮੀਤੇ ਧੀਆਂ ਪੁੱਤ ਦੋਵੇਂ ਇੱਕ ਬਰਾਬਰ
ਹੋਣ ਨਾ ਕਦੇ ਅਲੱਗ ਵੇ ਬਾਬਲ
ਤੇਰੀ ਸ਼ਮਲ਼ੇ ਵਾਲੀ ਪੱਗ ਵੇ ਬਾਬਲ
ਜਾਵੇ ਨਜ਼ਰ ਨਾ ਇਸਨੂੰ ਲੱਗ ਵੇ ਬਾਬਲ

ਸੱਚੀਂ ਤੇਰੇ ਕੋਲੋਂ ਬੜਾ ਡਰ ਲੱਗਦਾ ਹੈ
ਮੁੱਖ ਤੇਰਾ ਰਿਹਾ ਹੈ ਦਗ ਵੇ ਬਾਬਲ
ਗ਼ਲਤੀ ਹੋ ਜਾਵੇ ਜੇ ਕੋਈ ਮੇਰੇ ਕੋਲੋਂ
ਵੱਢ੍ਹ ਦੇਵੀਂ ਭਾਵੇਂ ਮੇਰੀ ਰਗ ਵੇ ਬਾਬਲ
ਤੇਰੀ ਸ਼ਮਲ਼ੇ ਵਾਲੀ ਪੱਗ ਵੇ ਬਾਬਲ
ਜਾਵੇ ਨਜ਼ਰ ਨਾ ਇਸਨੂੰ ਲੱਗ ਵੇ ਬਾਬਲ

## ਬਾਬਾ ਫ਼ਰੀਦ ਆਗਮਨ ਪੁਰਬ 2025 ਮੌਕੇ ਵਿਸ਼ਾਲ ਅਲੌਕਿਕ ਨਗਰ ਕੀਰਤਨ ਸਜਾਇਆ

### ਨਗਰ ਕੀਰਤਨ ਟਿੱਲਾ ਬਾਬਾ ਫ਼ਰੀਦ ਤੋਂ ਸ਼ੁਰੂ ਹੋ ਕੇ ਮਾਈ ਗੋਦੜੀ ਸਾਹਿਬ ਵਿਖੇ ਹੋਇਆ ਸਮਾਪਤ

### ਸਪੀਕਰ ਸੰਧਵਾਂ, ਵਿਧਾਇਕ ਸੇਖੋਂ, ਡਿਪਟੀ ਕਮਿਸ਼ਨਰ ਪੂਨਮਦੀਪ ਕੌਰ ਅਤੇ ਭਾਰੀ ਗਿਣਤੀ ਵਿੱਚ ਸੰਗਤਾਂ ਨੇ ਕੀਤੀ ਸ਼ਮੂਲੀਅਤ

ਵਰਲਡ ਪੰਜਾਬੀ ਟਾਈਮਜ਼
ਧਰਮ ਪ੍ਰਵਾਨਾਂ

ਫ਼ਰੀਦਕੋਟ, 24 ਸਤੰਬਰ : 12ਵੀਂ ਸਦੀ ਦੇ ਮਹਾਨ ਸੂਫੀ ਦਰਵੇਸ਼ ਬਾਬਾ ਸ਼ੇਖ ਫ਼ਰੀਦ ਦੀਆਂ ਸਿੱਖਿਆਵਾਂ ਮਿੱਠਤ, ਹਲੀਮੀ, ਸਾਦਗੀ ਅਤੇ ਬੁਰੇ ਦਾ ਭਲਾ ਕਰਨ ਨੂੰ ਦੁਨੀਆਂ ਦੇ ਕੋਨੇ-ਕੋਨੇ ਵਿੱਚ ਪਹੁੰਚਾਉਣ ਦੇ ਮਨੋਰਥ ਸਦਕਾ ਹਰ ਸਾਲ ਦੀ ਤਰਾਂ ਇਸ ਸਾਲ ਵੀ ਫ਼ਰੀਦਕੋਟ ਵਿਖੇ 19 ਤੋਂ






23 ਸਤੰਬਰ ਤੱਕ ਮਨਾਏ ਜਾ ਰਹੇ ਆਗਮਨ ਪੁਰਬ ਦੇ 5ਵੇਂ ਦਿਨ ਸਰਬੱਤ ਦੇ ਭਲੇ ਲਈ ਵਿਸ਼ਾਲ ਨਗਰ ਕੀਰਤਨ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਸਪੀਕਰ ਪੰਜਾਬ ਵਿਧਾਨ ਸਭਾ ਸ.ਕੁਲਤਾਰ ਸਿੰਘ ਸੰਧਵਾਂ ਅਤੇ ਹਲਕਾ ਵਿਧਾਇਕ ਸ. ਗੁਰਦਿੱਤ ਸਿੰਘ ਸੇਖੋਂ ਤੇ ਡਿਪਟੀ ਕਮਿਸ਼ਨਰ ਮੈਡਮ ਪੂਨਮਦੀਪ ਕੌਰ ਨੇ ਵਿਸ਼ੇਸ਼ ਤੌਰ ਤੇ ਸ਼ਿਰਕਤ ਕੀਤੀ ਅਤੇ ਟਿੱਲਾ ਬਾਬਾ ਫਰੀਦ ਵਿਖੇ ਨਤਮਸਤਕ ਹੋਏ। ਇਸ ਮੌਕੇ ਸਪੀਕਰ ਸ. ਸੰਧਵਾਂ ਨੇ ਕਿਹਾ ਕਿ ਗੁਰੂ ਸਾਹਿਬ ਪੰਜਾਬ ਤੇ ਮਿਹਰ ਭਰਿਆ ਹੱਥ ਰੱਖਣ ਅਤੇ ਪੰਜਾਬ ਨੂੰ ਚੜ੍ਹਦੀ ਕਲਾ ਵਿੱਚ ਰੱਖਣ। ਵਿਧਾਇਕ ਸ. ਗੁਰਦਿੱਤ ਸਿੰਘ ਸੇਖੋਂ ਨੇ ਕਿਹਾ ਕਿ ਬਾਬਾ ਫਰੀਦ ਜੀ ਇਸੇ ਤਰ੍ਹਾਂ ਹੀ ਸਾਡੇ ਤੇ ਕਿਰਪਾ ਬਣਾ ਕੇ ਰੱਖਣ ਅਤੇ ਗੁਰੂ ਸਾਹਿਬ ਦੀ ਬਾਣੀ ਸੁਣ ਕੇ ਅਸੀਂ ਆਪਣਾ ਜੀਵਨ ਸਫਲ ਬਣਾਈਏ।
ਇਹ ਨਗਰ ਕੀਰਤਨ ਗੁਰਦੁਆਰਾ ਟਿੱਲਾ ਬਾਬਾ ਫ਼ਰੀਦ ਤੋਂ ਪੰਜ ਪਿਆਰਿਆਂ ਦੀ ਅਗਵਾਈ ਹੇਠ ਬਾਬਾ ਫ਼ਰੀਦ ਜੀ ਦੀ ਇਲਾਹੀ ਬਾਣੀ ਦੇ ਗੁਣਗਾਣ ਨਾਲ ਸ਼ਾਮਿਲ ਭਾਰੀ ਗਿਣਤੀ ਸੰਗਤਾਂ ਨੂੰ ਨਿਹਾਲ ਕਰਦਾ ਆਰੰਭ ਹੋਇਆ । ਨਗਰ ਕੀਰਤਨ ਵਿੱਚ ਸ਼ਾਮਿਲ ਇੱਕ ਵਿਸ਼ੇਸ਼ ਵਾਹਨ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਲਕੀ ਫੁੱਲਾਂ ਨਾਲ ਸਜਾਈ ਹੋਈ ਸੀ ਜਿਸ 'ਤੇ ਦੋਨਾਂ ਰਸਤਿਆਂ 'ਚ ਖੜ੍ਹੀ ਸਾਧ ਸੰਗਤ ਨੇ ਫੁੱਲਾਂ ਦੀ ਵਰਖਾ ਕਰਕੇ ਸੀਸ ਝੁਕਾਇਆ ਅਤੇ ਸਰਬੱਤ ਦੇ ਭਲੇ ਦੀ ਕਾਮਨਾ ਕੀਤੀ।
ਇਸ ਦੌਰਾਨ ਸਾਰੇ ਰਸਤੇ 'ਤੇ ਸੰਗਤਾਂ ਵੱਲੋਂ ਬੜੀ ਸ਼ਰਧਾ ਨਾਲ ਨਗਰ ਕੀਰਤਨ ਦੇ ਅੱਗੇ ਅੱਗੇ ਚੱਲ ਕੇ ਪੂਰੇ ਰਸਤੇ ਦੀ ਸਫਾਈ ਦੀ ਸੇਵਾ ਕੀਤੀ ਜਾ ਰਹੀ ਸੀ। ਇਸ ਤੋਂ ਇਲਾਵਾ ਸ਼ਰਧਾਲੂਆਂ ਵੱਲੋਂ ਥਾਂ-ਥਾਂ 'ਤੇ ਚਾਹ, ਮਠਿਆਈ, ਫਲ ਆਦਿ ਦੇ ਲੰਗਰ ਵੀ ਲਗਾਏ ਗਏ। ਬਾਬਾ ਫ਼ਰੀਦ ਜੀ ਦੀ ਉਚਾਰੀ ਬਾਣੀ ਦਾ ਜਾਪ ਕਰਦਿਆਂ ਜਦ ਇਹ ਨਗਰ ਕੀਰਤਨ ਡਿਪਟੀ ਕਮਿਸ਼ਨਰ ਨਿਵਾਸ ਦੇ ਨਜ਼ਦੀਕ ਪਹੁੰਚਿਆਂ ਤਾਂ ਇੱਥੇ ਡਿਪਟੀ ਕਮਿਸ਼ਨਰ ਮੈਡਮ ਪੂਨਮਦੀਪ ਕੌਰ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਰੁਮਾਲਾ ਭੇਂਟ ਕੀਤਾ ਅਤੇ ਨਤਮਸਤਕ ਹੋ ਕੇ ਗੁਰੂ ਘਰ ਦੀਆਂ ਖ਼ੁਸ਼ੀਆਂ ਪ੍ਰਾਪਤ ਕੀਤੀਆਂ। ਇਸ ਤੋਂ ਪਹਿਲਾਂ ਆਪਣੇ ਨਿਵਾਸ ਸਥਾਨ ਦੇ ਬਾਹਰ ਡਿਪਟੀ ਕਮਿਸ਼ਨਰ ਨੇ ਸ਼ਰਧਾਲੂਆਂ ਦੀ ਲੱਡੂਆਂ ਅਤੇ ਚਾਹ ਦੇ ਲੰਗਰ ਨਾਲ ਸੇਵਾ ਵੀ ਕੀਤੀ। ਇਸ ਮੌਕੇ ਉਨ੍ਹਾਂ ਦੇ ਨਾਲ ਐਸ.ਡੀ.ਐਮ ਫਰੀਦਕੋਟ ਮੇਜਰ ਵਰੁਣ ਕੁਮਾਰ ਅਤੇ ਐਸ.ਡੀ.ਐਮ ਜੈਤੋ ਸ੍ਰੀ ਸੂਰਜ ਵਿਸ਼ੇਸ਼ ਤੌਰ ਤੇ ਹਾਜ਼ਰ ਸਨ।ਉਨ੍ਹਾਂ ਸਮੂਹ ਜਿਲ੍ਹਾ ਵਾਸੀਆਂ ਦਾ ਮੇਲੇ ਵਿੱਚ ਜਿਲ੍ਹਾ ਪ੍ਰਸ਼ਾਸ਼ਨ ਦਾ ਸਹਿਯੋਗ ਦੇਣ ਲਈ ਤਹਿ ਦਿਲੋਂ ਧੰਨਵਾਦ ਕੀਤਾ। ਇਸ ਤਰਾਂ ਸ਼ਹਿਰ ਦੇ ਪ੍ਰਮੁੱਖ ਚੌਂਕਾਂ ਰਾਹੀਂ ਹੁੰਦਾ ਹੋਇਆ ਇਹ ਮਹਾਨ ਨਗਰ ਕੀਰਤਨ ਗੁਰਦੁਆਰਾ ਮਾਈ ਗੋਦੜੀ ਸਾਹਿਬ ਵਿਖੇ ਪੁੱਜਾ ਤਾਂ ਇੱਥੇ ਪੁੱਜ ਕੇ ਇਸਨੇ ਵਿਸ਼ਾਲ ਧਾਰਮਿਕ ਦੀਵਾਨ ਦਾ ਰੂਪ ਧਾਰਨ ਕਰ ਲਿਆ ।ਇਸ ਮੌਕੇ ਮਸ਼ਹੂਰ ਰਾਗੀ ਜੱਥਿਆਂ ਵੱਲੋਂ ਸੰਗਤਾਂ ਨੂੰ ਆਪਣੇ ਮਨੋਹਰ ਕੀਰਤਨ ਨਾਲ ਨਿਹਾਲ ਕੀਤਾ ਗਿਆ।

## ਲੋਕ ਮਨਾਂ ਚੋਂ ਵਿਸਰੇ ਡੋਪਿੰਗ ਦੇ ਪੱਟੇ ਖਿਡਾਰੀ

ਵਰਲਡ ਪੰਜਾਬੀ ਟਾਈਮਜ਼
ਪ੍ਰੋ. ਹਰਦੀਪ ਸਿੰਘ ਸੰਗਰੂਰ



ਖੇਡਾਂ ਜੋ ਲਗਨ ਅਤੇ ਸਿਰੜ ਨਾਲ ਖੇਡੀਆਂ ਜਾਂਦੀਆਂ ਨੇ, ਇਹਨਾਂ ਨੂੰ ਬਹੁਤ ਸਾਰੇ ਖਿਡਾਰੀ ਮੈਡਲ ਹਾਸਿਲ ਕਰਨ ਦੀ ਮ੍ਰਿਗ ਤ੍ਰਿਸ਼ਨਾ ਨਾਲ ਖੇਡਦੇ ਹੋਏ ਡੋਪਿੰਗ ਦਾ ਅਯੋਗ ਢੰਗ ਵਰਤ ਕੇ ਮੈਡਲ ਹਾਸਿਲ ਕਰਨ ਬਾਰੇ ਸੋਚਦੇ ਰਹਿੰਦੇ ਨੇ | ਤਾਹੀਂ ਖੇਡ ਜਗਤ ਵਿਚੋਂ ਆਏ ਦਿਨ ਕੋਈ ਨਾ ਕੋਈ ਖ਼ਬਰ ਮਿਲਦੀ ਰਹਿੰਦੀ ਹੈ ਕਿ ਫਲਾਂ ਖਿਡਾਰੀ ਵਲੋਂ ਡੋਪਿੰਗ ਦਾ ਇਸਤੇਮਾਲ ਕਰਕੇ ਆਪਣੇ ਖੇਡ ਪ੍ਰਦਰਸ਼ਨ ਨੂੰ ਵਧਾਇਆ ਤੇ ਉਸਦਾ ਡੋਪ ਟੈਸਟ ਪਾਜ਼ਿਟਿਵ ਆਇਆ | ਜਿਸ ਕਾਰਨ ਉਸਨੂੰ ਖੇਡ ਮੁਕਾਬਲੇ ਚੋਂ ਜਿੱਤੇ ਮੈਡਲਾਂ ਤੋਂ ਹੱਥ ਧੋਣਾ ਪਿਆ ਅਤੇ ਨਮੋਸ਼ੀ ਦੇ ਨਾਲ ਨਾਲ ਉਸਨੂੰ ਖੇਡ ਪਾਬੰਦੀ ਦੀ ਸਜ਼ਾ ਵੀ ਝੱਲਣੀ ਪਈ | ਇਹੋ ਜਿਹੇ ਖਿਡਾਰੀ ਡੋਪਿੰਗ ਦੇ ਸਿਰ ਤੇ ਜੇਤੂ ਹੋ ਕੇ ,ਖੇਡ ਮੁਕਾਬਲੇ ਤੋਂ ਬਾਅਦ ਦੇ ਕੁਝ ਪਲਾਂ ਤੱਕ ਦਰਸ਼ਕਾਂ 'ਚ ਆਪਣੀ ਬੱਲੇ ਬੱਲੇ ਤਾਂ ਕਰਵਾ ਗਏ ਪਰ ਮੁਕਾਬਲੇ ਤੋਂ ਬਾਅਦ ਜਦੋਂ ਉਹਨਾਂ ਦਾ ਡੋਪ ਟੈਸਟ ਪਾਜ਼ਿਟਿਵ ਆਇਆ ਤਾਂ ਉਹਨਾਂ ਦੀ ਖੇਡ ਜਗਤ ਵਿੱਚ ਬੜੀ ਥੂ ਥੂ ਹੋਈ ਤੇ ਉਹਨਾਂ ਨੂੰ ਆਪਣੇ ਜਿੱਤੇ ਹੋਏ ਮੈਡਲ ਵੀ ਵਾਪਿਸ ਕਰਨੇ ਪਏ | ਮੁਕਾਬਲੇ ਦੇ ਜੇਤੂ ਬਣੇ ਉਹਨਾਂ ਤੋਂ ਬਾਅਦ ਵਾਲੇ ਯੋਗ ਖਿਡਾਰੀ | ਖੇਡ ਜਗਤ ਵਿੱਚ ਅਜਿਹੇ ਅਨੇਕਾਂ ਖਿਡਾਰੀ ਹੋਏ ਨੇ ਜਿਨ੍ਹਾਂ ਨੇ ਜਿੱਤਣ ਦੀ ਮ੍ਰਿਗ ਤ੍ਰਿਸ਼ਨਾ ਵਿੱਚ ਡੋਪਿੰਗ ਦੇ ਸਹਾਰੇ ਨਾਲ ਮੁਕਾਬਲਾ ਜਿੱਤਣ ਦੀ ਕੋਸ਼ਿਸ ਕੀਤੀ ਤੇ ਫੜੇ ਗਏ | ਅਜਿਹੇ ਖਿਡਾਰੀਆਂ ਨੂੰ ਮਾਣ ਨਾਲ ਕੋਈ ਯਾਦ ਨਹੀਂ ਕਰਦਾ | ਡੋਪਿੰਗ ਕਾਰਨ ਬਦਨਾਮ ਹੋਏ ਇਹ ਖਿਡਾਰੀ ਖੇਡ ਪ੍ਰੇਮੀਆਂ ਦੇ ਮਨਾਂ ਚੋਂ ਵਿਸਰ ਚੁੱਕੇ ਨੇ | ਯਾਦ ਉਹ ਹਨ ਜਿਨਾਂ ਨੇ ਮਿਹਨਤ ਨਾਲ ਖੇਡ ਮੁਕਾਬਲਾ ਲੜਿਆ ਤੇ ਜਿੱਤਿਆ ਹੈ|

ਡੋਪਿੰਗ ਦਾ ਸਭ ਤੋਂ ਵੱਧ ਮਸ਼ਹੂਰ ਮਾਮਲਾ 1988 ਦੀਆਂ ਸਿਉਲ ਉਲੰਪਿਕ ਖੇਡਾਂ ਦੌਰਾਨ ਕੈਨੇਡਾ ਦੇ ਫਰਾਟਾ ਦੋੜਾਕ ਬੈਨ ਜੌਹਨਸਨ ਦਾ ਹੋਇਆ ਸੀ | ਜਿਸ ਨੇ ਆਪਣੇ ਮਾਸ ਪੱਠਿਆਂ ਦੀ ਤਾਕਤ ਵਧਾਉਣ ਲਈ ਐਨਾਬੋਲਿਕ ਸਟੀਰਾਈਡ ਦਾ ਇਸਤੇਮਾਲ ਕਰਕੇ 100 ਮੀਟਰ ਫਰਾਟਾ ਦੌੜ ਵਿਚ 9:79 ਸੈਕੰਡ ਦਾ ਸਮਾਂ ਕੱਢ ਨਵਾਂ ਰਿਕਾਰਡ ਬਣਾ ਦਿੱਤਾ | ਪਰ ਡੋਪ ਟੈਸਟ ਵਿਚ ਫੇਲ ਹੋਣ ਕਾਰਨ ਉਸ ਨੂੰ ਦਿੱਤਾ ਗੋਲ੍ਡ ਮੈਡਲ ਵਾਪਿਸ ਲੈ ਲਿਆ ਤੇ ਉਸਦੇ ਬਣਾਏ ਰਿਕਾਰਡ ਨੂੰ ਭੰਗ ਵੀ ਕਰ ਦਿੱਤਾ ਅਤੇ ਵਾਡਾ ਨੇ ਉਸ ਉਪਰ ਉਮਰ ਭਰ ਖੇਡਣ ਦੀ ਪਾਬੰਦੀ ਲਗਾ ਦਿੱਤੀ | ਜਿਸ ਨਾਲ ਬੈਨ ਜੌਹਨਸਨ ਦੀ ਕੁਲ ਲੋਕਾਈ ਵਿਚ ਬੜੀ ਬਦਨਾਮੀ ਹੋਈ ਤੇ ਉਸਦੇ ਦੇਸ਼ ਕੈਨੇਡਾ ਨੂੰ ਵੀ ਸ਼ਰਮਸਾਰ ਹੋਣਾ ਪਿਆ | ਇਸ ਮੁਕਾਬਲੇ ਦਾ ਜੇਤੂ ਬਣਿਆ ਅਮਰੀਕੀ ਦੋੜਾਕ ਕਾਰਲ ਲੁਈਸ, ਜੋ ਪਹਿਲਾਂ ਇਸ ਰੇਸ ਵਿਚ ਦੋਇਮ ਰਿਹਾ ਸੀ | ਬੈਨ ਜੌਹਨਸਨ ਨੂੰ ਕੋਈ ਯਾਦ ਨੀਂ ਕਰਦਾ ਜਦਕਿ ਕਾਰਲ ਲੁਈਸ ਨੂੰ ਖੇਡ ਪ੍ਰੇਮੀ ਕਾਲਾ ਮੋਤੀ ਕਹਿ ਕੇ ਵਡਿਆਉਂਦੇ ਨੇ |

ਟਰੈਕ ਐਂਡ ਫ਼ੀਲਡ ਦੀ ਰਾਣੀ ਅਖਵਾਉਂਦੀ ਅਮਰੀਕੀ ਦੌੜਾਕ ਫਲੌਰੈਂਸ ਗ੍ਰਿਫਿਥ ਜੋਇਨਰ ( ਫਲੋਂ ਜੋਅ' ) ਜੋ ਖੇਡ ਜਗਤ ਵਿੱਚ ਔਰਤਾਂ ਦੇ ਵਰਗ ਦੀ ਸਭ ਤੋਂ ਤੇਜ਼ ਦੋੜਾਕ ਵਜੋਂ ਜਾਣੀ ਜਾਂਦੀ ਸੀ | ਉਸਨੇ 1988 ਦੀਆਂ ਸਿਓਲ ਓਲੰਪਿਕ ਖੇਡਾਂ ਵਿੱਚ ਤਿੰਨ ਗੋਲ੍ਡ ਮੈਡਲ ( ਸੌ ਮੀਟਰ ਦੌੜ , ਦੋ ਸੌ ਮੀਟਰ ਦੌੜ ਅਤੇ 4×100 ਮੀਟਰ ਰੀਲੇਅ ਦੌੜ ) ਵਿਚੋਂ ਅਤੇ ਇੱਕ ਸਿਲਵਰ ਮੈਡਲ 4×400 ਮੀਟਰ ਰੀਲੇਅ ਦੌੜ ਵਿੱਚੋਂ ਹਾਸਿਲ ਕੀਤਾ | ਇਨ੍ਹਾਂ ਖੇਡਾਂ ਵਿੱਚ ਉਸਨੇ 100 ਮੀਟਰ ਦੌੜ ਅਤੇ 200 ਮੀਟਰ ਦੌੜ ਵਿੱਚ ਨਵੇਂ ਵਿਸ਼ਵ ਰਿਕਾਰਡ ਵੀ ਕਾਇਮ ਕੀਤੇ | ਕੌਮਾਂਤਰੀ ਓਲੰਪਿਕ ਕਮੇਟੀ ਨੂੰ ਉਸ ਤੇ ਪੂਰਾ ਸ਼ੱਕ ਸੀ ਕਿ ਉਹ ਕਿਸੇ ਨਾ ਕਿਸੇ ਵਰਜਿਤ ਦਵਾਈ ਦਾ ਸੇਵਨ ਕਰਕੇ ਮੁਕਾਬਲੇ ਵਿੱਚ ਭਾਗ ਲੈਂਦੀ ਹੈ | ਪਰ ਉਹ ਐਂਟੀ ਡੋਪਿੰਗ ਏਜੇਂਸੀ ਵਾਡਾ ਦੀ ਪਕੜ ਵਿੱਚ ਨਾ ਆ ਸਕੀ ਕਿਉਂਕਿ ਉਹ ਚਲਾਕੀ ਨਾਲ ਡੋਪਿੰਗ ਕਰਨ ਤੋਂ ਬਾਅਦ ਉਹ ਦਵਾਈ ਲੈ ਲੈਂਦੀ ਸੀ ਜਿਸ ਨਾਲ ਡੋਪਿੰਗ ਟੈਸਟ ਨੈਗੇਟਿਵ ਆ ਜਾਂਦਾ ਸੀ | ਲੇਕਿੰਨ ਸਮਾਂ ਪਾ ਕੇ ਉਸ ਵਲੋਂ ਖਾਧੀਆਂ ਵਰਜਿਤ ਦਵਾਈਆਂ ਨੇ ਰੰਗ ਦਿਖਾਉਣਾ ਸ਼ੁਰੂ ਕਰ ਦਿੱਤਾ ਤੇ ਉਸ ਦੀ ਸਿਹਤ ਅਤੇ ਸ਼ਕਲ ਹਾਲੋਂ ਬੇਹਾਲ ਹੋ ਗਈ ਤੇ ਡੋਪਿੰਗ ਕਾਰਨ ਉਹ ਜਵਾਨੀ ਪਹਿਰੇ ਹੀ ਪਰਲੋਕ ਸਿਧਾਰ ਗਈ | ਖੁੱਲੇ ਵਾਲ , ਰੰਗ ਬਿਰੰਗੇ ਨਹੁੰ , ਬੁਲਾਂ ਤੇ ਸੂਹੀ ਲਿਪਸਟਿਕ ਲਗਾ ਕੇ ਦੌੜਨ ਵਾਲੀ ਉਸ ਉਡਣ ਪਰੀ ਨੂੰ ਅੱਜ ਕੋਈ ਵੀ ਯਾਦ ਨਹੀਂ ਕਰਦਾ | ਕਿਉਂਕਿ ਡੋਪਿੰਗ ਕਾਰਨ ਹਾਸਿਲ ਕੀਤੀ ਜਿੱਤ ਸਦੀਵੀਂ ਨਹੀਂ ਹੋ ਸਕਦੀ |



ਸੰਨ 2000 ਦੀਆਂ ਸਿਡਨੀ ਓਲੰਪਿਕ ਖੇਡਾਂ ਵਿੱਚ ਅਮਰੀਕੀ ਅਥਲੀਟ ਮੇਰੀਅਨ ਜੋਨਜ਼ ਨੇ ਪੰਜ ਮੈਡਲ ਜਿੱਤੇ | 400 ਮੀਟਰ , 200 ਮੀਟਰ ਅਤੇ 100 ਮੀਟਰ ਦੀਆਂ ਫਰਾਟਾ ਦੌੜਾਂ ਵਿਚੋਂ ਗੋਲ੍ਡ ਮੈਡਲ, ਲੰਮੀ ਛਾਲ ਤੇ 100 ਮੀਟਰ ਰੀਲੇਅ ਦੌੜ ਵਿਚੋਂ ਕਾਂਸੀ ਦੇ ਮੈਡਲ ਜਿੱਤੇ | ਐਂਨੇ ਮੈਡਲ ਇੱਕਠੇ ਜਿੱਤਣ ਨਾਲ ਉਸਦੀ ਕੁੱਲ ਦੁਨੀਆਂ ਵਿੱਚ ਚੰਗੀ ਪੈਂਠ ਬਣ ਗਈ | ਚਾਰੇ ਪਾਸੇ ਹੋਈ ਬੱਲੇ ਬੱਲੇ ਨਾਲ ਮੇਰੀਅਨ ਜੋਨਜ਼ ਦਾ ਚਾਅ ਨਾ ਚੁੱਕਿਆ ਜਾਵੇ | ਉਹਨੇ ਮੁੜ ਚਾਰ ਸਾਲਾਂ ਬਾਅਦ ਸੰਨ 2004 ਦੀਆਂ ਓਲੰਪਿਕ ਖੇਡਾਂ ਵਿੱਚ ਭਾਗ ਲਿਆ ਤੇ ਡੋਪਿੰਗ ਦੇ ਮਾਮਲੇ ਵਿੱਚ ਫੜੀ ਗਈ | ਕਿਉਂਕਿ ਉਸਨੇ ਵਰਜਿਤ ਦਵਾਈ ਬਾਲਕੋ ਸਟੀਰਾਈਡ ਦਾ ਸੇਵਨ ਕਰਕੇ ਇਹਨਾਂ ਖੇਡਾਂ ਵਿੱਚ ਭਾਗ ਲਿਆ ਸੀ | ਪਹਿਲਾਂ ਤਾਂ ਉਹ ਮੰਨੀ ਨਾ ਜਦੋਂ ਆਈ.ਓ.ਸੀ. ਨੇ ਜਾਂਚ ਮੁਕੰਮਲ ਕੀਤੀ ਤਾਂ ਉਹ ਡੋਪਿੰਗ ਦੀ ਦੋਸ਼ੀ ਪਾਈ ਗਈ | ਉਸਨੇ ਆਪਣੇ ਤੋਂ ਪਿੱਛੇ ਰਹਿ ਗਈਆਂ ਦੌੜਾਕਾਂ ਕੋਲੋਂ ਵੀ ਮਾਫ਼ੀ ਮੰਗੀ ਤੇ ਮੌਜੂਦ ਖੇਡ ਅਧਿਕਾਰੀਆਂ ਦੇ ਵੀ ਵਾਸਤੇ ਪਾਏ | ਪਰ ਸਮਾਂ ਲੰਘ ਚੁੱਕਾ ਸੀ | ਕੌਮਾਂਤਰੀ ਓਲੰਪਿਕ ਕਮੇਟੀ ਨੇ ਉਸਦੇ ਸਾਰੇ ਰਿਕਾਰਡ ਭੰਗ ਕਰ ਦਿੱਤੇ ਤੇ ਜਿੱਤੇ ਮੈਡਲ ਵਾਪਸ ਲੈ ਲਏ | ਜੋਨਜ਼ ਅਰਸ਼ ਤੋਂ ਫਰਸ਼ ਤੇ ਆ ਗਈ ਤੇ ਡੋਪਿੰਗ ਕਾਰਨ ਵਕਤ ਦੀ ਧੂੜ ਵਿੱਚ ਗੁੰਮ ਹੋ ਗਈ |
ਖੇਡ ਸੰਸਾਰ ਵਿਚ ਡੋਪਿੰਗ ਦੇ ਅਨੇਕਾਂ ਮਾਮਲੇ ਸਮੇਂ ਸਮੇਂ ਤੇ ਸਾਹਮਣੇ ਆਉਂਦੇ ਰਹੇ ਨੇ ਜਿਨ੍ਹਾਂ ਨਾਲ ਡੋਪਿੰਗ ਕਰਨ ਵਾਲੇ ਖਿਡਾਰੀਆਂ ਅਤੇ ਉਹਨਾਂ ਦੇ ਮੁਲਖਾਂ ਨੂੰ ਨਮੋਸ਼ੀ ਝੱਲਣੀ ਪਈ ਤੇ ਕਈ ਖਿਡਾਰੀਆਂ ਨੂੰ ਇਸ ਦੇ ਮਾਰੂ ਪ੍ਰਭਾਵਾਂ ਕਾਰਨ ਆਪਣੀ ਜਾਨ ਤੋਂ ਵੀ ਹੱਥ ਧੋਣੇ ਪਏ | ਖੇਡਾਂ ਦੀ ਦੁਨੀਆਂ ਵਿਚ ਡੋਪਿੰਗ ਦਾ ਪਹਿਲਾ ਮਾਮਲਾ 1960 ਦੀਆਂ ਰੋਮ ਓਲੰਪਿਕ ਖੇਡਾਂ ਦੌਰਾਨ ਡੈਨਮਾਰਕ ਦੇ ਸਾਈਕਲਿਸ੍ਟ ਕੁਰਤ ਜੈਕਸ਼ਨ ਦਾ ਆਇਆ | ਜਿਸ ਨੇ ਇਹਨਾਂ ਖੇਡਾਂ ਵਿਚ ਨਸ਼ੀਲੇ ਪਦਾਰਥ ਦਾ ਸੇਵਨ ਕਰਕੇ ਸਾਈਕਲਿੰਗ ਕੀਤੀ ਤੇ ਉਹ ਸਾਈਕਲ ਟਰੈਕ ਵਿਚ ਹੀ ਦਮ ਤੋੜ ਗਿਆ |
ਬੀਤੀਆਂ ਪੈਰਿਸ ਓਲੰਪਿਕ ਖੇਡਾਂ 2024 ਵਿਚ ਡੋਪਿੰਗ ਨੂੰ ਰੋਕਣ ਲਈ ਕੌਮਾਂਤਰੀ ਓਲੰਪਿਕ ਕਮੇਟੀ ਨੇ ਵਿਸ਼ਵ ਐਂਟੀ ਡੋਪਿੰਗ ਏਜੈਂਸੀ ( ਵਾਡਾ ) ਅਤੇ ਫ਼੍ਰੈਂਚ ਐਂਟੀ ਡੋਪਿੰਗ ਏਜੈਂਸੀ ( ਏਐਫਐਲਡੀ ) ਦੀ ਮਦਦ ਨਾਲ 1160 ਮਾਹਰ ਬੰਦਿਆਂ ਦੀ ਇੱਕ ਬਰਗੇਡ ਬਣਾਈ | ਜਿਨ੍ਹਾਂ ਵਿਚੋਂ 800 ਮਾਹਰ ਬੰਦੇ ਅਥਲੀਟਾਂ ਨੂੰ ਮੁਕਾਬਲੇ ਤੋਂ ਤੁਰੰਤ ਬਾਅਦ ਡੋਪ ਟੈਸਟ ਦੇਣ ਲਈ ਸੂਚਿਤ ਕਰਦੇ ਸਨ ਅਤੇ ਜਿਨ੍ਹਾਂ ਚਿਰ ਖਿਡਾਰੀਆਂ ਦੇ ਡੋਪ ਟੈਸਟ ਦੀ ਸਾਰੀ ਪ੍ਰਕਿਰਿਆ ਮੁਕੰਮਲ ਨਹੀਂ ਸੀ ਹੋ ਜਾਂਦੀ ਉਨ੍ਹਾਂ ਚਿਰ ਉਹ ਉਹਨਾਂ ਤੇ ਨਿਗਰਾਨ ਵਜੋਂ ਬਾਜ਼ ਵਾਂਗ ਅੱਖ ਰੱਖਦੇ | ਪੈਰਿਸ ਓਲੰਪਿਕ ਖੇਡਾਂ ਵਿਚ ਹਰ ਖੇਡ ਮੈਦਾਨ ਲਈ ਡੋਪਿੰਗ ਕੰਟਰੋਲ ਲੈਬੋਰਟਰੀ ਦਾ ਪ੍ਰਬੰਧ ਵੱਖਰੇ ਤੌਰ ਤੇ ਕੀਤਾ ਗਿਆ ਸੀ | ਜਿਨ੍ਹਾਂ ਲਈ 360 ਮਾਹਰ ਲੈਬ ਟੈਕਨੀਸ਼ੀਅਨ ਖਿਡਾਰੀਆਂ ਦੇ ਡੋਪ ਟੈਸਟ ਲਈ ਉਹਨਾਂ ਦੇ ਖੂਨ ਅਤੇ ਪੇਸ਼ਾਬ ਦੇ ਨਮੂਨੇ ਲੈਂਦੇ ਸੀ | ਫਰਾਂਸ ਨੇ ਇਸ ਕੰਮ ਲਈ 'ਲੈਬੋਰਟਰੀਜ਼ ਐਂਟੀਡੋਪੇਜ਼ ਫਰਾਂਸੇਜ਼ ( ਐਲਏਡੀਐਫ ) ਨੂੰ ਕਰੋੜਾਂ ਡਾਲਰ ਦੀ ਫੰਡਿੰਗ ਕੀਤੀ | ਕੌਮਾਂਤਰੀ ਟੈਸਟਿੰਗ ਏਜੇਂਸੀ (ਆਈ.ਟੀ ਏ.) ਨੇ ਪੈਰਿਸ ਓਲੰਪਿਕਸ 2024 ਵਿੱਚ ਡੋਪਿੰਗ ਵਿਰੋਧੀ ਮੁਹਿੰਮ ਚਲਾਉਂਦੇ ਹੋਏ ਖੇਡਾਂ ਦੇ ਸ਼ੁਰੂ ਹੋਣ ਤੋਂ ਸਮਾਪਤ ਹੋਣ ਤੱਕ ਸਾਰੇ ਖੇਡ ਮੁਕਾਬਲਿਆਂ ਵਿੱਚ ਭਾਗ ਲੈ ਰਹੇ ਖਿਡਾਰੀਆਂ ਦੇ ਡੋਪਿੰਗ ਟੈਸਟ ਲਈ ਪਿਸ਼ਾਬ ਅਤੇ ਖੂਨ ਦੇ 6130 ਨਮੂਨੇ ਲਏ | ਟੈਸਟਿੰਗ ਏਜੇਂਸੀ ਵਲੋਂ ਲਏ ਗਏ ਇਹ ਨਮੂਨੇ ਟੋਕੀਓ ਓਲੰਪਿਕਸ 2020 ਨਾਲੋਂ ਚਾਰ ਪ੍ਰਤੀਸ਼ਤ ਵੱਧ ਅਤੇ ਰੀਓ ਓਲੰਪਿਕਸ 2016 ਨਾਲੋਂ 10% ਵੱਧ ਸਨ | ਟੈਸਟ ਤੋਂ ਬਾਅਦ ਇਨ੍ਹਾਂ ਖੇਡਾਂ ਵਿੱਚ ਵੱਖ ਵੱਖ ਦੇਸ਼ਾਂ ਦੇ ਪੰਜ ਖਿਡਾਰੀ ਡੋਪਿੰਗ ਦੇ ਕੇਸ ਅਧੀਨ ਟੈਸਟਿੰਗ ਏਜੇਂਸੀ ਦੇ ਅੜਿੱਕੇ ਚੜ੍ਹੇ | ਜਿਨ੍ਹਾਂ ਉਪਰ ਨਿਯਮਾਂ ਅਨੁਸਾਰ ਕਾਰਵਾਈ ਹੋਈ ਤੇ ਉਹਨਾਂ ਤੇ ਖੇਡ ਮੁਕਾਬਲਿਆਂ ਵਿੱਚ ਭਾਗ ਲੈਣ ਤੇ ਪਾਬੰਦੀ ਲਗਾ ਦਿੱਤੀ ਗਈ |
ਕੌਮਾਂਤਰੀ ਓਲੰਪਿਕ ਕਮੇਟੀ ਅਨੁਸਾਰ ਡੋਪਿੰਗ ਨੂੰ ਰੋਕਣ ਲਈ ਵਿਸ਼ਵ ਪੱਧਰ ਦੀ ਬਣੀ ਵਰਲਡ ਐਂਟੀ ਡੋਪਿੰਗ ਏਜੰਸੀ (ਵਾਡਾ ) ਨੇ ਅਜਿਹੀਆਂ 200 ਤੋਂ ਵੱਧ ਮੈਡੀਕੇਟਿਡ ਦਵਾਈਆਂ ਦੀ ਲਿਸਟ ਬਣਾਈ ਹੋਈ ਹੈ ਜਿਨ੍ਹਾਂ ਦਾ ਸੇਵਨ ਕਰਕੇ ਖਿਡਾਰੀ ਕਿਸੇ ਵੀ ਕੌਮਾਂਤਰੀ ਖੇਡ ਮੁਕਾਬਲੇ ਵਿਚ ਭਾਗ ਨਹੀਂ ਲੈ ਸਕਦਾ | ਮੁਕਾਬਲੇ ਤੋਂ ਤੁਰੰਤ ਬਾਅਦ ਖਿਡਾਰੀ ਨੂੰ ਗ੍ਰਾਊਂਡ ਵਿਚੋਂ ਹੀ ਡੋਪ ਟੈਸਟ ਲਈ ਲੈਬ ਵਿਚ ਲਿਜਾਇਆ ਜਾਂਦੈ | ਜਿਥੇ ਉਸਦੇ ਖ਼ੂਨ ਅਤੇ ਪਿਸ਼ਾਬ ਦੇ ਨਮੂਨਿਆ ਨੂੰ ਲੈ ਕੇ ਟੈਸਟ ਕਰ ਲਿਆ ਜਾਂਦੈ | ਜਿਸ ਵੀ ਖਿਡਾਰੀ ਦਾ ਡੋਪ ਟੈਸਟ ਪਾਜ਼ਿਟਿਵ ਆ ਜਾਂਦਾ ਹੈ ਉਸਦੇ ਖਿਲਾਫ਼ ਵਾਡਾ ਏਡੀਆਰ ਦੇ ਆਰਟੀਕਲਜ਼ ਮੁਤਾਬਿਕ ਕਾਰਵਾਈ ਕੀਤੀ ਜਾਂਦੀ ਹੈ | ਲੇਂਕਿਨ ਫੇਰ ਵੀ ਆਪਣੇ ਖੇਡ ਮਿਆਰ ਨੂੰ ਉੱਚਾ ਚੁੱਕਣ ਦੀ ਲਾਲਸਾ ਵਿਚ ਖਿਡਾਰੀ ਕਈ ਤਰਾਂ ਦੀ ਡੋਪਿੰਗ ਦਾ ਇਸਤੇਮਾਲ ਕਰਦੇ ਨੇ |
ਖਿਡਾਰੀਆਂ ਅਤੇ ਪਾਠਕਾਂ ਨਾਲ ਇਥੇ ਇਹ ਚਰਚਾ ਬੇਲੋੜੀ ਨਹੀਂ ਹੋਵੇਗੀ ਜੇ ਅਸੀਂ ਇਹਨਾਂ ਖਤਰਨਾਕ ਅਤੇ ਜਾਨ ਲੇਵਾ ਦਵਾਈਆਂ ਦੇ ਭਿਆਨਕ ਸਿੱਟਿਆਂ ਨੂੰ ਉਹਨਾਂ ਦੇ ਅੰਗ ਸੰਗ ਨਾ ਕਰੀਏ | ਕਿਸੇ ਖਿਡਾਰੀ ਦੀ ਉਤੇਜਨਾ ਵਧਾਉਣ ਵਾਲੇ ਪਦਾਰਥ ਐਮਫ਼ੀਟਾਮਾਈਨਸ, ਕੈਫ਼ੀਨ, ਐਫਡਰਾਈਨ ਅਤੇ ਮੈਸੋਕਾਰਬ ਹਨ | ਜਿਹੜੇ ਕੇਂਦਰੀ ਨਾੜੀ ਪ੍ਰਣਾਲੀ ਨੂੰ ਤੇਜ਼ ਕਰਦੇ ਹੋਏ ਦਿਮਾਗ ਅਤੇ ਪੂਰੇ ਸਰੀਰ ਦੀ ਗਤੀ ਵਧਾਉਂਦੇ ਨੇ | ਇਹਨਾਂ ਪਦਾਰਥਾਂ ਦੇ ਸੇਵਨ ਨਾਲ ਖਿਡਾਰੀ ਨੂੰ ਦਿਲ ਦਾ ਦੌਰਾ ਪੈ ਸਕਦੈ ਤੇ ਉਹ ਇਹਨਾਂ ਨਸ਼ੀਲੇ ਪਦਾਰਥਾਂ ਦਾ ਆਦੀ ਬਣ ਜਾਂਦੈ | ਕਈ ਅਥਲੀਟ ਅਤੇ ਬਾਡੀ ਬਿਲਡਰ ਆਪਣੀਆ ਮਾਸਪੇਸੀਆਂ ਦੀ ਮਜ਼ਬੂਤੀ ਲਈ ਡਰੋਸਟਾਨੋਲੋਨ , ਓਕਸਾਐਨਡਰੋਲੋਨ, ਮੈਂਟਨੋਲੋਨ ਨਾਮ ਦੇ ਐਨਾਬੋਲਿਕ ਸਟੀਰਾਇਡਜ਼ ਦਾ ਇਸਤੇਮਾਲ ਕਰਦੇ ਹਨ | ਜਿਸ ਨਾਲ ਉਹਨਾਂ ਦੀਆਂ ਮਾਸਪੇਸ਼ੀਆਂ ਦਾ ਆਕਾਰ ਵੱਧ ਜਾਂਦਾ ਤੇ ਉਹ ਬਲ ਭਰਭੂਰ ਹੋ ਜਾਂਦੀਆਂ ਨੇ | ਪਰ ਇਹਨਾਂ ਪਦਾਰਥਾਂ ਦੇ ਸੇਵਨ ਨਾਲ ਖਿਡਾਰੀ ਦੇ ਗੁਰਦੇ ਫੇਲ ਹੋ ਸਕਦੇ ਨੇ ਤੇ ਜਿਗਰ ਤੇ ਮਾੜਾ ਅਸਰ ਪੈਂਦਾ ਹੈ | ਕਈ ਖਿਡਾਰੀ ਸਰੀਰ ਤੇ ਅੰਗਾਂ ਦੀ ਕਾਰਜ ਸ਼ਕਤੀ ਅਤੇ ਦਰਦ ਸਹਿਣ ਦੀ ਤਾਕਤ ਵਧਾਉਣ ਲਈ ਪੇਪਟਾਈਡ ਹਾਰਮੋਨਜ਼ ਨੂੰ ਖੇਡ ਮੁਕਾਬਲੇ ਤੋਂ ਪਹਿਲਾਂ ਆਪਣੇ ਸਰੀਰ ਵਿਚ ਦਾਖਲ ਕਰਵਾ ਲੈਂਦੇ | ਇਹ ਹਾਰਮੋਨਜ਼ ਖ਼ੂਨ ਦੇ ਲਾਲ ਰਕਤਾਣੂਆਂ ਵਿਚ ਹੁੰਦੈ | ਇਸ ਦੇ ਦੁਰਉਪਯੋਗ ਨਾਲ ਖਿਡਾਰੀ ਦਾ ਦਿਲ ਫੇਲ ਹੋ ਸਕਦੈ, ਉਸਨੂੰ ਸ਼ੂਗਰ ਅਤੇ ਹੱਡੀਆਂ ਕਮਜ਼ੋਰ ਹੋਣ ਦੀ ਬਿਮਾਰੀ ਹੋ ਜਾਂਦੀ ਹੈ | ਕਈ ਮੁੱਕੇਬਾਜ਼ ਅਤੇ ਕੁਸ਼ਤੀ ਖਿਡਾਰੀ ਆਪਣਾ ਭਾਰ ਘਟਾਉਣ ਲਈ ਮੂਤਰ ਵਰਧਕ ਦਵਾਈਆਂ ਦਾ ਇਸਤੇਮਾਲ ਕਰਦੇ ਨੇ ਜਿਸ ਦੇ ਸੇਵਨ ਨਾਲ ਸਰੀਰ ਵਿਚ ਪਾਣੀ ਦੀ ਕਮੀ ਹੋ ਜਾਂਦੀ ਹੈ ਤੇ ਖਿਡਾਰੀ ਦੀ ਮੌਤ ਵੀ ਹੋ ਸਕਦੀ ਹੈ | ਇਸ ਤੋਂ ਇਲਾਵਾ ਖਿਡਾਰੀਆਂ ਵਿਚ ਬਲੱਡ ਡੋਪਿੰਗ ਅਤੇ ਜੀਨ ਡੋਪਿੰਗ ਦਾ ਰੁਝਾਨ ਵੀ ਖਤਰਨਾਕ ਅਤੇ ਮਾਰੂ ਹੈ | ਜਿਸ ਨਾਲ ਐੱਚ ਆਈ ਵੀ ਅਤੇ ਕੈਂਸਰ ਨਾਂ ਦੇ ਮਾਰੂ ਰੋਗ ਉਤਪਨ ਹੋ ਜਾਂਦੇ ਨੇ |